# ਪਿਆਰੇ ਵਿਦਿਆਰਥੀਓ!!

8ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2024-25) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।



## 8ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

**8ਵੀਂ ਜਮਾਤ ਦੇ ਕੰਪਿਊਟਰ ਸਾਇੰਸ ਦੇ ਪਾਠਾਂ ਨਾਲ ਸੰਬੰਧਤ ਵਿਡੀਓ ਲੈਕਚਰਾਂ ਦੀ ਪਲੇਅਲਿਸਟ ਦਾ ਲਿੰਕ:**

https://youtube.com/playlist?list=PLja3EaJFAjmb2GmtO1tR1b9LSAvgl21AA

**ਪਾਠਾਂ ਅਨੁਸਾਰ ਵਿਡੀਓ ਲੈਕਚਰਾਂ ਦੇ ਲਿੰਕਸ:**

| | |
|---|---|
| ਪਾਠ-1 ਟਾਈਪਿੰਗ ਟਿਊਟਰ-ਪੰਜਾਬੀ ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/30yncS5iCKY |
| ਪਾਠ-1 ਟਾਈਪਿੰਗ ਟਿਊਟਰ-ਪੰਜਾਬੀ ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/5gALeNhzsnM |
| ਪਾਠ-2 ਇੰਟਰਨੈਟ ਫੰਡਾਮੈਂਟਲਜ਼ ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/IeyWAOQI0PY |
| ਪਾਠ-2 ਇੰਟਰਨੈਟ ਫੰਡਾਮੈਂਟਲਜ਼ ਦੀ ਵਿਆਖਿਆ ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/Co1ZIFtuG1I |
| ਪਾਠ-3 ਸੁਚਨਾ ਟੈਕਨੋਲੋਜੀ ਨਾਲ ਜਾਣ-ਪਛਾਣ ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/JohHSCBJv30 |
| ਪਾਠ-3 ਸੁਚਨਾ ਟੈਕਨੋਲੋਜੀ ਨਾਲ ਜਾਣ-ਪਛਾਣ ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/gpHzkJyr1hA |
| ਪਾਠ-4 ਐਮ.ਐਸ. ਪਾਵਰਪੁਆਇੰਟ ਭਾਗ-1 ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/0l4hvRnO-vs |
| ਪਾਠ-4 ਐਮ.ਐਸ. ਪਾਵਰਪੁਆਇੰਟ ਭਾਗ-1 ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/tX5rMvZXRxM |
| ਪਾਠ-5 ਐਮ.ਐਸ. ਪਾਵਰਪੁਆਇੰਟ ਭਾਗ-2 ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/mdgBGzo9hfw |
| ਪਾਠ-5 ਐਮ.ਐਸ. ਪਾਵਰਪੁਆਇੰਟ ਭਾਗ-2 ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/juNk4gEc6Mg |

**PLEASE DO NOT FORGET TO LIKE, SHARE AND SUBSCRIBE OUR YOUTUBE CHANNEL**

YouTube **http://youtube.com/c/computersciencepunjab**

**ਤਿਆਰ ਕਰਤਾ:**
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਊਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

**http://cspunjab.nirmancampus.co.in/study.php**

## ਪਾਠ-1
## ਟਾਈਪਿੰਗ ਟਿਊਟਰ (ਪੰਜਾਬੀ)

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

**1. _______ ਫੌਂਟ ਦੀ ਵਰਤੋਂ ਪੰਜਾਬੀ ਵਿੱਚ ਟਾਈਪ ਕਰਨ ਲਈ ਕੀਤੀ ਜਾਂਦੀ ਹੈ।**

ੳ) AnmolLipi (ਅਨਮੋਲ ਲਿੱਪੀ)  b) Raavi (ਰਾਵੀ)  ੲ) Joy (ਜੁਆਏ)  ਸ) ਉਪਰੋਕਤ ਸਾਰੇ

**2. UNICODE ਦਾ ਪੂਰਾ ਨਾਂ ਕੀ ਹੈ?**

ੳ) ਯੂਨੀਅਨ ਕੋਡ  ਅ) ਯੂਨੀਫਾਈਡ ਕੋਡ  ੲ) ਯੂਨੀਵਰਸਲ ਕੋਡ  ਸ) ਇਹਨਾਂ ਵਿਚੋਂ ਕੋਈ ਨਹੀਂ

**3. ਹੇਠ ਲਿਖਿਆਂ ਵਿਚੋਂ ਕਿਹੜਾ UNICODE ਫੌਂਟ ਪੰਜਾਬੀ ਵਿਚ ਟਾਈਪਿੰਗ ਲਈ ਵਰਤਿਆ ਜਾਂਦਾ ਹੈ?**

ੳ) ਅਨਮੋਲ ਲਿੱਪੀ  ਅ) ਰਾਵੀ  ੲ) ਅਸੀਸ  ਸ) ਉਪਰੋਕਤ ਸਾਰੇ

**4. ਹੇਠ ਲਿਖਿਆਂ ਵਿਚੋਂ ਕਿਹੜਾ ਫੋਨੇਟਿੱਕ ਫੌਂਟ ਪੰਜਾਬੀ ਵਿਚ ਟਾਈਪਿੰਗ ਲਈ ਵਰਤਿਆ ਜਾਂਦਾ ਹੈ।**

ੳ) ਅਨਮੋਲ ਲਿੱਪੀ  ਅ) ਰਾਵੀ  ੲ) ਅਸੀਸ  ਸ) ਉਪਰੋਕਤ ਸਾਰੇ

**5. ਨੰਬਰਪੈਡ ਦੀ ਵਰਤੋਂ ਲਈ _______ ਕੀਅ ON ਰੱਖਣੀ ਚਾਹੀਦੀ ਹੈ।**

ੳ) Num lock (ਨਮ ਲਾਕ)  ਅ) Caps Lock (ਕੈਪਸ ਲਾਕ)
ੲ) Scroll lock (ਸਕਰੋਲ ਲਾਕ)  ਸ) ਇਹਨਾਂ ਵਿਚੋਂ ਕੋਈ ਨਹੀਂ

**ਪ੍ਰਸ਼ਨ:2 ਸਹੀ ਜਾਂ ਗਲਤ ਲਿਖੋ।**

1. ਟਾਈਪਿੰਗ ਕਰਨ ਲਈ ਕੀਅਬੋਰਡ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ - ਇੱਕ ਖੱਬੇ ਹੱਥ ਲਈ ਅਤੇ ਇੱਕ ਸੱਜੇ ਹੱਥ ਲਈ। (ਸਹੀ)
2. ਟੱਚ ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਅਸੀਂ ਕੀਅ-ਬੋਰਡ ਨੂੰ ਦੇਖਦੇ ਹੋਏ ਤੇਜ਼ ਰਫਤਾਰ ਟਾਈਪਿੰਗ ਕਰਨੀ ਸਿਖਦੇ ਹਾਂ। (ਗਲਤ)
3. ਅਨਮੋਲ ਲਿੱਪੀ ਫੌਂਟ ਸਾਨੂੰ ਪੰਜਾਬੀ ਵਿੱਚ ਟਾਈਪ ਕਰਨ ਵਿੱਚ ਮਦਦ ਕਰਦਾ ਹੈ। (ਸਹੀ)
4. ਸਪੇਸਬਾਰ ਕੀਅ ਦਬਾਉਣ ਲਈ ਅਸੀਂ ਛੋਟੀ ਉਂਗਲ ਦੀ ਵਰਤੋਂ ਕਰਦੇ ਹਾਂ। (ਗਲਤ)
5. Shift ਕੀਅ ਦੀ ਵਰਤੋਂ ਅਗਲੀ ਲਾਈਨ ਤੇ ਜਾਣ ਲਈ ਕੀਤੀ ਜਾਂਦੀ ਹੈ। (ਗਲਤ)

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਟੱਚ ਟਾਈਪਿੰਗ ਕੀ ਹੈ?**

ਉ: ਟੱਚ ਟਾਈਪਿੰਗ ਇੱਕ ਤਕਨੀਕ ਹੈ ਜਿਸ ਦੁਆਰਾ ਅਸੀਂ ਕੀਅਬੋਰਡ ਨੂੰ ਵੇਖੇ ਬਿਨਾਂ, ਸਾਰੀਆਂ ਉਂਗਲਾਂ ਨਾਲ ਕਦਮ-ਦਰ-ਕਦਮ ਟਾਈਪਿੰਗ ਕਰਨਾ ਸਿਖ ਸਕਦੇ ਹਾਂ। ਜੇਕਰ ਅਸੀਂ ਟਾਈਪ ਕਰਨ ਸਮੇਂ ਕੀਅਬੋਰਡ ਉੱਪਰ ਕੀਅਜ਼ ਲੱਭਦੇ ਰਹਾਂਗੇ ਤਾਂ ਨਤੀਜੇ ਵੱਜੋਂ ਸਾਡੀ ਟਾਈਪਿੰਗ ਸਪੀਡ ਬਹੁਤ ਹੌਲੀ ਹੋ ਜਾਵੇਗੀ।

**ਪ੍ਰ:2 ਪੰਜਾਬੀ ਵਿਚ ਟਾਈਪਿੰਗ ਲਈ ਕਿਹੜੇ ਵੱਖ-ਵੱਖ ਕਿਸਮਾਂ ਦੇ ਫੌਂਟਸ ਦੀ ਵਰਤੋਂ ਕੀਤੀ ਜਾਂਦੀ ਹੈ?**

ਉ: ਪੰਜਾਬੀ ਵਿਚ ਟਾਈਪਿੰਗ ਕਰਨ ਲਈ ਕਈ ਵੱਖ-ਵੱਖ ਕਿਸਮਾਂ ਦੇ ਫੌਂਟਸ ਉਪਲਬਧ ਹਨ। ਪੰਜਾਬੀ ਟਾਈਪਿੰਗ ਲਈ ਆਮ ਵਰਤੇ ਜਾਂਦੇ ਫੌਂਟਸ ਨੂੰ ਦੋ ਮੁੱਖ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ:

- ਫੌਨੇਟਿਕ ਫੌਂਟਸ – ਉਦਾਹਰਣ: ਅਨਮੋਲ ਲਿੱਪੀ ਫੌਂਟ
- ਯੂਨੀਕੋਡ ਫੌਂਟਸ – ਉਦਾਹਰਣ: ਰਾਵੀ ਫੌਂਟ

**ਪ੍ਰ:3 ਪੰਜਾਬੀ ਭਾਸ਼ਾ ਵਿੱਚ ਟਾਈਪਿੰਗ ਕਿਵੇਂ ਕੀਤੀ ਜਾਂਦੀ ਹੈ?**

ਉ: ਪੰਜਾਬੀ ਭਾਸ਼ਾ ਵਿਚ ਟਾਈਪਿੰਗ ਸ਼ੁਰੂ ਕਰਨ ਤੋਂ ਪਹਿਲਾਂ ਸਾਨੂੰ ਢੁਕਵੇਂ ਪੰਜਾਬੀ ਫੌਂਟ ਦੀ ਚੋਣ ਕਰਨੀ ਪੈਂਦੀ ਹੈ। ਬਹੁਤ ਸਾਰੇ ਅਜਿਹੇ ਫੌਂਟ ਮੌਜੂਦ ਹਨ ਜੋ ਪੰਜਾਬੀ ਵਿੱਚ ਟਾਈਪਿੰਗ ਕਰਨ ਲਈ ਵਰਤੇ ਜਾਂਦੇ ਹਨ। ਪੰਜਾਬੀ ਵਿੱਚ ਟਾਈਪਿੰਗ ਕਰਨ ਲਈ AnmolLipi ਫੌਂਟ ਸਭ ਤੋਂ ਆਸਾਨ ਫੌਂਟ ਹੈ ਜੋ ਕਿ ਇਕ ਫੋਨੇਟਿਕ ਫੌਂਟ ਹੈ। ਯੂਨੀਕੋਡ ਫੌਂਟ ਦੀ ਵਰਤੋਂ ਨਾਲ ਪੰਜਾਬੀ ਵਿਚ ਟਾਈਪਿੰਗ ਕਰਨ ਲਈ ਆਮ ਤੌਰ ਤੇ Raavi ਫੌਂਟ ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰ:4 ਪੰਜਾਬੀ ਭਾਸ਼ਾ ਵਿੱਚ ਟਾਈਪ ਕਰਨ ਲਈ ਕੋਈ ਤਿੰਨ ਫੋਟਜ਼ ਦੇ ਨਾਮ ਲਿਖੋ।**

ਉ: ਪੰਜਾਬੀ ਭਾਸ਼ਾ ਵਿਚ ਟਾਈਪ ਕਰਨ ਲਈ ਕੁੱਝ ਮੁੱਖ ਫੋਂਟਸ ਦੇ ਨਾਂ ਹੇਠਾਂ ਦਿਤੇ ਗਏ ਹਨ:

- AnmolLipi (ਅਨਮੋਲਲਿੱਪੀ)
- Raavi (ਰਾਵੀ)
- Asees (ਅਸੀਸ)
- Joy (ਜੁਆਇ)

**ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਅਸੀਂ ਟਾਈਪਿੰਗ ਸਪੀਡ ਨੂੰ ਕਿਵੇਂ ਵਧਾਅ ਸਕਦੇ ਹਾਂ?**

ਉ: ਟਾਈਪਿੰਗ ਸਪੀਡ ਨੂੰ ਵਧਾਉਣ ਲਈ ਕੁੱਝ ਸੁਝਾਅ ਹੇਠਾਂ ਦਿਤੇ ਗਏ ਹਨ:

1. ਸਾਡੇ ਹੱਥ/ਉਂਗਲਾਂ ਦੀ ਸਥਿਤੀ ਹਮੇਸ਼ਾ ਹੋਮ ਰੋਅ ਉੱਤੇ ਹੋਣੀ ਚਾਹਿਦੀ ਹੈ। ਸਾਨੂੰ ਹੋਮ ਰੋਅ ਪੁਜੀਸ਼ਨ ਤੋਂ ਹੋਰਨਾਂ ਰੋਅਜ਼ ਦੀਆਂ ਕੀਜ਼ ਤੱਕ ਪਹੁੰਚ ਕਰਨੀ ਚਾਹੀਦੀ ਹੈ।
2. ਸਾਨੂੰ ਆਪਣਾ ਜਿਆਦਾ ਧਿਆਨ ਰਫਤਾਰ ਨਾਲੋਂ ਸਹੀ ਕੀਅ ਦਬਾਉਣ ਉੱਤੇ ਰਖੱਣਾ ਚਾਹੀਦਾ ਹੈ।
3. ਟਾਈਪਿੰਗ ਕਰਦੇ ਸਮੇਂ ਕੀਅਬੋਰਡ ਉੱਪਰ ਨਾਂ ਦੇਖੋ।
4. ਲਗਾਤਾਰ, ਆਰਾਮ ਨਾਲ ਅਤੇ ਸਹੀ ਟਾਈਪ ਕਰਨ ਵੱਲ ਧਿਆਨ ਰਖੋ।
5. ਹਰ-ਇੱਕ ਕੀਅ ਨੂੰ ਦਬਾਉਂਦੇ ਹੋਏ ਸਾਨੂੰ ਉਹ ਅਖੱਰ ਅਪਣੇ ਮਨ ਵਿੱਚ ਦੁਹਰਾਉਣਾ ਚਾਹੀਦਾ ਹੈ।


**ਪ੍ਰ:2 ਟਾਈਪਿੰਗ ਕਰਦੇ ਸਮੇਂ ਬੈਠਣ ਦੇ ਸਹੀ ਤਰੀਕੇ ਸੰਬੰਧੀ ਕਿਹੜੀਆਂ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।**

ਉ: ਟਾਈਪਿੰਗ ਕਰਦੇ ਸਮੇਂ ਬੈਠਣ ਦੇ ਸਹੀ ਤਰੀਕੇ ਸੰਬੰਧੀ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

1. ਟਾਈਪਿੰਗ ਕਰਦੇ ਸਮੇਂ ਸਾਨੂੰ ਬਿਲਕੁੱਲ ਸਿੱਧਾ ਬੈਠਣਾ ਚਾਹੀਦਾ ਹੈ।
2. ਸਾਡੀ ਨਜ਼ਰ ਮੋਨੀਟਰ ਜਾਂ ਕਾਪੀ ਤੇ ਹੋਣੀ ਚਾਹੀਦੀ ਹੈ।
3. ਮੋਨੀਟਰ ਸਾਡੀਆਂ ਅੱਖਾਂ ਦੇ ਬਰਾਬਰ ਅਤੇ ਸਾਹਮਣੇ ਹੋਣਾ ਚਾਹੀਦਾ ਹੈ।
4. ਸਾਨੂੰ ਕੀ-ਬੋਰਡ ਅਤੇ ਮੋਨੀਟਰ ਦੇ ਬਿਲਕੁਲ ਸਾਹਮਣੇ ਬੈਠਣਾ ਚਾਹੀਦਾ ਹੈ।
5. ਕੀਅਜ਼ ਨੂੰ ਦਬਾਉਣ ਤੋਂ ਬਾਅਦ ਸਾਡੀਆਂ ਉਂਗਲਾਂ ਵਾਪਿਸ ਹੋਮ ਰੋਅ ਉਪਰ ਆਉਣੀਆ ਚਾਹੀਦੀਆਂ ਹਨ।
6. ਸਾਡੇ ਪੈਰ ਜਮੀਨ ਉਪਰ ਸਿੱਧੇ ਹੋਣੇ ਚਾਹੀਦੇ ਹਨ।

---

**ਕੀਅਮੈਪ - ਯੂਨੀਕੋਡ ਫੌਂਟ "ਰਾਵੀ"**




**ਕੀਅਮੈਪ - ਫੌਨੇਟਿੱਕ ਫੌਂਟ "ਅਨਮੋਲ ਲਿੱਪੀ"**




**ਪਾਠ-2**

**ਇੰਟਰਨੈਟ ਫੰਡਾਮੈਂਟਲਸ**

---

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

1. ਇੰਟਰਨੈਸ਼ਨਲ ਨੈਟਵਰਕ ਆਫ ਕੰਪਿਊਟਰਜ਼ ਨੂੰ _________ ਕਿਹਾ ਜਾਂਦਾ ਹੈ।

ੳ) ਅਰਪਾਨੈਟ ਅ) ਇੰਟਰਾਨੈਟ ੲ) ਇੰਟਰਨੈਟ ਸ) ਇਥਰਨੈਟ

2. WWW ਦਾ ਮਤਲਬ ਹੈ _________________.

ੳ) ਵਰਲਡ ਵਾਈਡ ਵੈਬ ਅ) ਵਾਈਡ ਵਰਲਡ ਵੈਬ ੲ) ਵਰਲਡ ਵੈਬ ਵਾਈਡ ਸ) ਵੈਬ ਵਰਲਡ ਵਾਈਡ

3. ____________ ਇੰਟਰਨੈਟ ਉੱਪਰ ਆਨਲਾਈਨ ਗੱਲਬਾਤ ਕਰਨਾ ਹੁੰਦਾ ਹੈ।

ੳ) ਈ-ਕਾਮਰਸ ਅ) ਵਰਲਡ ਵਾਈਡ ਵੈਬ ੲ) ਚੈਟਿੰਗ ਸ) ਇਹਨਾਂ ਵਿਚੋਂ ਕੋਈ ਨਹੀਂ

4. ਮੇਲ ਭੇਜਣ ਦਾ ਸਭ ਤੋਂ ਤੇਜ਼ ਤਰੀਕਾ _________ ਹੁੰਦਾ ਹੈ।

ੳ) ਟੈਲੀਗ੍ਰਾਮ ਅ) ISP ੲ) ਚਿੱਠੀਆਂ ਸ) ਈ-ਮੇਲ

5. _________ ਇੱਕ ਡਿਵਾਈਸ ਹੈ ਜੋ ਕੰਪਿਊਟਰ ਨੂੰ ਟੈਲੀਫੋਨ ਲਾਈਨ ਨਾਲ ਜੋੜਦਾ ਹੈ।

ੳ) ਮਾਡਮ ਅ) ਮਾਊਸ ੲ) ਟੈਲੀਫੋਨ ਤਾਰ ਸ) ਮੋਬਾਈਲ


**ਪ੍ਰਸ਼ਨ:2 ਪੂਰੇ ਰੂਪ ਲਿਖੋ**

1. **WWW** : ਵਰਲਡ ਵਾਈਡ ਵੈਬ (World Wide Web)
2. **E Mail** : ਇਲੈਕਟ੍ਰੋਨਿਕ ਮੇਲ (Electronic Mail)
3. **MODEM** : ਮਾਡੂਲੇਟਰ ਡੀਮਾਡੂਲੇਟਰ (Modulator Demodulator)
4. **ISP** : ਇੰਟਰਨੈਟ ਸਰਵਿਸ ਪ੍ਰੋਵਾਈਡਰ (Internet Service Provider)
5. **URL** : ਯੂਨੀਫਾਰਮ ਰਿਸੋਰਸ ਲੋਕੇਟਰ (Uniform Resource Locator)
6. **DSL** : ਡੀਜ਼ੀਟਲ ਸਬਸਕ੍ਰਾਈਬਰ ਲਾਈਨ (Digital Subscriber Line)

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਇੰਟਰਨੈਟ ਕੀ ਹੈ?**

ਉ: ਇੰਟਰਨੈੱਟ ਦਾ ਅਰਥ ਹੈ ਇੰਟਰਨੈਸ਼ਨਲ ਨੈੱਟਵਰਕ ਆਫ ਕੰਪਿਊਟਰਜ਼। ਇੰਟਰਨੈਟ ਬਹੁਤ ਸਾਰੇ ਛੋਟੇ ਵੱਡੇ ਨੈਟਵਰਕਾਂ ਦਾ ਇੱਕ ਵਿਸ਼ਾਲ ਨੈਟਵਰਕ ਹੈ ਜੋ ਸੰਸਾਰ ਵਿੱਚ ਫੈਲੇ ਲੱਖਾਂ ਕੰਪਿਊਟਰਾਂ ਤੋਂ ਬਣਿਆ ਹੈ। ਅੱਜ ਦੇ ਸਮੇਂ ਵਿੱਚ ਇੰਟਰਨੈੱਟ ਮਨੁੱਖ ਨੂੰ ਇੱਕ ਬਹੁਤ ਵੱਡੀ ਦੇਣ ਹੈ।




**ਪ੍ਰ:2 ਇੰਟਰਨੈਟ ਸਰਵਿਸ ਪ੍ਰੋਵਾਈਡਰ ਦੀਆਂ ਕੁੱਝ ਉਦਾਹਰਣਾਂ ਲਿਖੋ।**

ਉ: ਇੰਟਰਨੈਟ ਸਰਵਿਸ ਪ੍ਰੋਵਾਈਡਰ ਉਹ ਕੰਪਨੀਆਂ ਹੁੰਦੀਆਂ ਹਨ ਜੋ ਸਾਨੂੰ ਇੰਟਰਨੈਟ ਦੀ ਸੁਵਿਧਾ ਪ੍ਰਦਾਨ ਕਰਦੀਆਂ ਹਨ। ਕੁੱਝ ਮੁੱਖ ਇੰਟਰਨੈਟ ਸਰਵਿਸ ਪ੍ਰੋਵਾਈਡਰਾਂ ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ:

- Airtel
- Vodafone
- BSNL ਆਦਿ

**ਪ੍ਰ:3 ਈ-ਕਾਮਰਸ ਤੋਂ ਤੁਸੀਂ ਕੀ ਸਮਝਦੇ ਹੋ?**

ਉ: ਈ-ਕਾਮਰਸ ਦਾ ਪੂਰਾ ਨਾਂ ਇਲੈਕਟ੍ਰੋਨਿਕ ਕਾਮਰਸ ਹੈ। ਇਹ ਇੰਟਰਨੈੱਟ ਦੀ ਬਹੁਤ ਹੀ ਮਹੱਤਵਪੂਰਨ ਸੁਵਿਧਾ ਹੈ। ਇੰਟਰਨੈਟ ਦੀ ਮਦਦ ਨਾਲ ਵਪਾਰ ਕਰਨ ਨੂੰ ਈ-ਕਾਮਰਸ ਕਹਿੰਦੇ ਹਨ। ਇਸਦੀ ਮਦਦ ਨਾਲ ਅਸੀਂ ਕਿਸੇ ਵੀ ਸਮੇਂ ਘਰ ਬੈਠੇ ਕੋਈ ਵੀ ਚੀਜ਼ ਖਰੀਦ ਸਕਦੇ ਹਾਂ।

**ਪ੍ਰ:4 ਵੈਬ ਬ੍ਰਾਉਜ਼ਿੰਗ ਕੀ ਹੈ?**

ਉ: ਜਾਣਕਾਰੀ ਦੀ ਭਾਲ ਵਿੱਚ ਇੱਕ ਵੈਬ ਪੇਜ਼ ਤੋਂ ਦੂਜੇ ਪੇਜ਼ ਜਾਂ ਇੱਕ ਵੈਬਸਾਈਟ ਤੋਂ ਦੂਜੀ ਵੈਬਸਾਈਟ ਤੇ ਜਾਣ ਨੂੰ ਵੈਬ ਬ੍ਰਾਉਜ਼ਿੰਗ ਕਿਹਾ ਜਾਂਦਾ ਹੈ। ਜਾਣਕਾਰੀ ਨੂੰ ਲੱਭਣ ਅਤੇ ਵੇਖਣ ਲਈ ਅਸੀਂ ਕਿਸੇ ਵੀ ਸਰਚ ਇੰਜਨ - ਜਿਵੇਂ ਕਿ: ਗੂਗਲ (google), ਬਿੰਗ (bing) ਆਦਿ ਦੀ ਸਹਾਇਤਾ ਲੈ ਸਕਦੇ ਹਾਂ।

**ਪ੍ਰਸ਼ਨ: 4 ਵੱਡੇ ਉਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਮਾਡਮ (MODEM) ਕੀ ਹੈ? ਇਸਦੀਆਂ ਕਿਸਮਾਂ ਅਤੇ ਰਫਤਾਰ ਸੰਬੰਧੀ ਜਾਣਕਾਰੀ ਦਿਓ।**

ਉ: ਮਾਡਮ ਦਾ ਪੂਰਾ ਨਾਮ ਮਾਡੂਲੇਟਰ-ਡੀਮਾਡੂਲੇਟਰ (Modulator-Demodulator) ਹੈ। ਇਸ ਯੰਤਰ ਦੀ ਵਰਤੋਂ ਨਾਲ ਇੰਟਰਨੈਟ ਚਲਾਇਆ ਜਾਂਦਾ ਹੈ। ਇਹ ਕੰਪਿਊਟਰ ਨੂੰ ਟੈਲੀਫੋਨ ਜਾਂ ਕੇਬਲ ਲਾਈਨਾਂ ਨਾਲ ਜੋੜ ਕੇ ਸੰਚਾਰ ਕਰਨ ਯੋਗ ਬਣਾਉਂਦਾ ਹੈ।

**ਮਾਡਮ ਦੀਆਂ ਕਿਸਮਾਂ:** ਮਾਡਮ ਦੋ ਕਿਸਮਾਂ ਦੇ ਹੁੰਦੇ ਹਨ:

i. **ਬਾਹਰੀ ਮਾਡਮ:** ਇਹ ਮਾਡਮ ਕੰਪਿਊਟਰਾਂ ਤੋਂ ਅਲੱਗ ਇਕ ਵੱਖਰਾ ਯੰਤਰ ਹੁੰਦਾ ਹੈ। ਇਸਦੀ ਰਫਤਾਰ ਅੰਦਰੂਨੀ ਮਾਡਮ ਦੇ ਮੁਕਾਬਲੇ ਜਿਆਦਾ ਹੁੰਦੀ ਹੈ।

ii. **ਅੰਦਰੂਨੀ ਮਾਡਮ:** ਇਹ ਮਾਡਮ ਸਿਸਟਮ ਯੂਨਿਟ ਦੇ ਅੰਦਰ ਲਗਾਇਆ ਜਾਂਦਾ ਹੈ। ਇਸਦੀ ਰਫਤਾਰ ਬਾਹਰੀ ਮਾਡਮ ਦੇ ਮੁਕਾਬਲੇ ਘੱਟ ਹੁੰਦੀ ਹੈ ਆਮ ਵਰਤੇ ਜਾਣ ਵਾਲੇ ਮਾਡਮ ਦੀ ਰਫਤਾਰ 56kbps ਹੁੰਦੀ ਹੈ।







**ਪ੍ਰ:2 ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਹੂਲਤਾਂ ਦਾ ਵਰਨਣ ਕਰੋ।**

ਉ: ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਸਹੂਲਤਾਂ ਇਸ ਪ੍ਰਕਾਰ ਹਨ:

- ਇੰਟਰਨੈਟ ਸਾਨੂੰ ਕਈ ਆਨ ਲਾਈਨ ਅਖਬਾਰਾਂ ਤੋਂ ਖਬਰਾਂ ਪੜਨ ਦੀ ਸੁਵਿਧਾ ਪ੍ਰਦਾਨ ਕਰਦਾ ਹੈ।
- ਇੰਟਰਨੈਟ ਕਲਾ ਅਤੇ ਮਨੋਰੰਜਨ ਦਾ ਮੁੱਖ ਸਾਧਨ ਹੈ।
- ਇੰਟਰਨੈਟ ਦੀ ਵਰਤੋਂ ਨਾਲ ਅਸੀਂ ਕਈ ਤਰ੍ਹਾਂ ਦੀਆਂ ਚੀਜਾਂ ਘਰ ਬੈਠੇ ਖਰੀਦ ਸਕਦੇ ਹਾਂ।
- ਇੰਟਰਨੈਟ ਦੀ ਵਰਤੋਂ ਕਰਦੇ ਹੋਏ ਅਸੀਂ ਕਿਸੇ ਨੂੰ ਵੀ ਕੋਈ ਸੰਦੇਸ਼ ਮਿੰਟਾਂ ਸਕਿੰਟਾਂ ਵਿਚ ਭੇਜ/ਪ੍ਰਾਪਤ ਕਰ ਸਕਦੇ ਹਾਂ।

- ਇੰਟਰਨੈਟ ਦੀ ਮਦਦ ਨਾਲ ਅਸੀਂ ਘਰ ਬੈਠੇ ਹੀ ਰੇਲਵੇ/ਹਵਾਈ ਜਹਾਜਾਂ ਦੀਆਂ ਟਿਕਟਾਂ ਬੁੱਕ ਕਰ ਸਕਦੇ ਹਾਂ।
- ਇੰਟਰਨੈਟ ਨਾਲ ਅਸੀਂ ਚੈਟਿੰਗ ਵੀ ਕਰ ਸਕਦੇ ਹਾਂ।
- ਇੰਟਰਨੈਟ ਸਾਨੂੰ ਵੀਡੀਓ ਕਾਨਫਰੈਂਸਿੰਗ ਦੀ ਸੁਵਿਧਾ ਵੀ ਪ੍ਰਦਾਨ ਕਰਦਾ ਹੈ।

**ਪ੍ਰ:3 ਈ-ਮੇਲ ਕੀ ਹੈ? ਈ-ਮੇਲ ਦੀ ਵਰਤੋਂ ਦੇ ਲਾਭ ਲਿਖੋ।**




ਉ: ਈ-ਮੇਲ ਦਾ ਪੂਰਾ ਨਾਂ ਇਲੈਕਟ੍ਰੌਨਿਕ ਮੇਲ ਹੈ। ਇਕ ਇੰਟਰਨੈਟ ਦੀ ਇਕ ਬਹੁਤ ਮਹੱਵਪੂਰਨ ਵਿਸ਼ੇਸ਼ਤਾ ਹੈ ਜਿਸ ਨਾਲ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸਮੇਂ ਕੋਈ ਸੰਦੇਸ਼ ਭੇਜ ਸਕਦੇ ਹਾਂ ਜਾਂ ਸੰਦੇਸ਼ ਪ੍ਰਾਪਤ ਕਰ ਸਕਦੇ ਹਾਂ। ਈ-ਮੇਲ ਰਾਹੀਂ ਟੈਕਸਟ, ਤਸਵੀਰਾਂ ਆਦਿ ਕਿਸੇ ਵੀ ਕਿਸਮ ਦੀ ਫਾਈਲ ਭੇਜੀ ਜਾਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਈ-ਮੇਲ ਦੇ ਲਾਭ:** ਈ-ਮੇਲ ਦੇ ਮੁੱਖ ਲਾਭ ਹੇਠਾਂ ਦਿਤੇ ਗਏ ਹਨ:

- **ਖਰਚ**: ਇੰਟਰਨੈੱਟ ਦੇ ਖਰਚੇ ਤੋਂ ਬਿਨਾਂ ਈ-ਮੇਲ ਦੀ ਵਰਤੋਂ ਲਈ ਹੋਰ ਕੁਝ ਵੀ ਵਾਧੂ ਖਰਚ ਨਹੀਂ ਹੁੰਦਾ।
- **ਰਫਤਾਰ**: ਈ-ਮੇਲ ਸੰਦੇਸ਼ ਆਪਣੀ ਮੰਜਿਲ ਉੱਤੇ ਕੁਝ ਕੁ ਮਿੰਟਾਂ-ਸੈਕਿੰਟਾਂ ਵਿੱਚ ਪਹੁੰਚ ਜਾਂਦੇ ਹਨ।
- **ਸਹੂਲਤ**: ਈ-ਮੇਲ ਸੰਦੇਸ਼ ਨੂੰ ਅਸੀਂ ਆਪਣੀ ਸਹੂਲਤ ਅਨੁਸਾਰ ਕਿਸੇ ਵੀ ਸਮੇਂ ਭੇਜ ਜਾਂ ਪ੍ਰਾਪਤ ਕਰ ਸਕਦੇ ਹਾਂ।

**ਪ੍ਰ:4 ਵਰਲਡ ਵਾਈਡ ਵੈਬ (WWW) ਉੱਪਰ ਨੋਟ ਲਿਖੋ।**

ਉ: ਵਰਲਡ ਵਾਈਡ ਵੈੱਬ (WWW) ਨੂੰ Web ਜਾਂ W3 ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਵੱਖ-ਵੱਖ ਕਿਸਮਾਂ ਦੀ ਜਾਣਕਾਰੀ ਦਾ ਇਕ ਬਹੁਤ ਵੱਡਾ ਸੰਗ੍ਰਹਿ ਹੈ। ਇਸ ਵਿੱਚ ਸਾਰੀਆਂ ਪਬਲਿਕ ਵੈਬ ਸਾਈਟਾਂ ਸ਼ਾਮਿਲ ਹੁੰਦੀਆਂ ਹਨ, ਜੋ ਕਿ ਪੂਰੀ ਦੁਨੀਆ ਵਿੱਚ ਇੰਟਰਨੈਟ ਨਾਲ ਜੁੜੀਆਂ ਹੁੰਦੀਆਂ ਹਨ। ਹਰੇਕ ਵੈਬ-ਸਾਈਟ/ਪੇਜ਼ ਨੂੰ ਇੱਕ ਵਿਲੱਖਣ ਨਾਂ/ਐਡਰੈਸ ਦਿੱਤਾ ਜਾਂਦਾ ਹੈ, ਜਿਸਨੂੰ URL (Uniform Resource Locator) ਕਿਹਾ ਜਾਂਦਾ ਹੈ। ਵਰਲਡ ਵਾਈਡ ਵੈੱਬ ਉੱਪਰ ਸਟੋਰ ਸੂਚਨਾ ਨੂੰ ਵੈਬ ਬ੍ਰਾਊਜਰ (ਇੰਟਰਨੈਟ ਐਕਸਪਲੋਰਰ, ਮੋਜ਼ੀਲਾ ਫਾਇਰਫਾਕਸ ਆਦਿ) ਦੀ ਸਹਾਇਤਾ ਨਾਲ ਦੇਖਿਆ ਜਾ ਸਕਦਾ ਹੈ।

**ਪ੍ਰ:5 ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਸੇਵਾਵਾਂ ਦਾ ਵਰਨਣ ਕਰੋ।**

ਉ: ਅੱਜ ਦੇ ਤਕਨੀਕੀ ਯੁੱਗ ਵਿੱਚ ਇੰਟਰਨੈਟ ਦੁਆਰਾ ਬਹੁਤ ਸਾਰੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇੰਟਰਨੈਟ ਦੀਆਂ ਕੁੱਝ ਮਹਤੱਵਪੂਰਣ ਸੇਵਾਵਾਂ ਇਸ ਪ੍ਰਕਾਰ ਹਨ:

1. **ਈ-ਮੇਲ:** ਇਸ ਰਾਹੀਂ ਦੁਨੀਆਂ ਵਿਚ ਕਿਤੇ ਵੀ ਸ਼ਦੇਸ਼ ਭੇਜਿਆ ਜਾਂ ਪ੍ਰਾਪਤ ਕੀਤਾ ਜਾ ਸਕਦਾ ਹੈ।
2. **ਚੈਟਿੰਗ:** ਇੰਟਰਨੈਟ ਰਾਹੀਂ ਲਿਖਤੀ ਗਲਬਾਤ ਕਰਨ ਨੂੰ ਚੈਟਿੰਗ ਕਿਹਾ ਜਾਂਦਾ ਹੈ।
3. **ਈ-ਕਾਮਰਸ:** ਇੰਟਰਨੈਟ ਦੀ ਮਦਦ ਨਾਲ ਵਪਾਰ ਕਰਨ ਦੀ ਸੇਵਾ ਨੂੰ ਈ-ਕਾਮਰਸ ਕਿਹਾ ਜਾਂਦਾ ਹੈ।
4. **ਸਰਚਿੰਗ:** ਇੰਟਰਨੈਟ ਤੇ ਅਸੀਂ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲੱਭ ਸਕਦੇ ਹਾਂ।
5. **ਸਰਫਿੰਗ:** ਇੰਟਰਨੈਟ ਤੇ ਵੈਬਸਾਈਟਾਂ ਵਰਤਣ ਦੀ ਪ੍ਰਕਿਰਿਆ ਨੂੰ ਸਰਫਿੰਗ ਕਿਹਾ ਜਾਂਦਾ ਹੈ।
6. **ਵੀਡੀਓ ਕਾਨਫਰੈਂਸਿੰਗ:** ਵੀਡੀਓ ਕਾਨਫਰੈਂਸਿੰਗ ਵਿਚ ਅਸੀਂ ਕੈਮਰੇ ਦੀ ਮਦਦ ਨਾਲ ਹੋਰਾਂ ਨਾਲ ਗੱਲਬਾਤ ਕਰ ਸਕਦੇ ਹਾਂ।
7. **ਫਾਈਲਾਂ ਨੂੰ ਡਾਊਨਲੋਡ ਕਰਨਾ:** ਇੰਟਰਨੈਟ ਤੋਂ ਅਸੀਂ ਵੱਖ-ਵੱਖ ਕਿਸਮਾਂ ਦੀਆਂ ਫਾਈਲਾਂ ਡਾਊਨਲੋਡ ਕਰ ਸਕਦੇ ਹਾਂ।

## ਪਾਠ 3
## ਸੂਚਨਾ ਟੈਕਨੋਲੋਜੀ ਨਾਲ ਜਾਣ ਪਛਾਣ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

1. _______ ਤੋਂ ਭਾਵ ਹੈ ਸਾਡਾ ਕੰਪਿਊਟਰ ਇੰਟਰਨੈਟ ਤੋਂ ਡਾਟਾ ਪ੍ਰਾਪਤ ਕਰ ਰਿਹਾ ਹੈ।

ੳ. ਅਪਲੋਡਿੰਗ (Uploading) ਅ. ਡਾਊਨਲੋਡਿੰਗ (Downloading) ੲ. ਸਰਫਿੰਗ (Surfing) ਸ. ਇਹਨਾਂ ਵਿਚੋਂ ਕੋਈ ਨਹੀਂ

2. ਵੈੱਬ ਸਾਈਟ ਨੂੰ ਖੋਲਣ ਸਮੇਂ ਉਸ ਵੈਬਸਾਈਟ ਦਾ ਜੋ ਸਭ ਤੋਂ ਪਹਿਲਾ ਵੈਬ ਪੇਜ ਖੁੱਲਦਾ ਹੈ, ਉਸਨੂੰ ____________ ਕਿਹਾ ਜਾਂਦਾ ਹੈ।

ੳ. ਹੋਮ ਪੇਜ਼ (Home Page) ਅ. ਵੈਬ ਪੇਜ (Web Page) ੲ. ਮੇਨ ਪੇਜ਼ (Main Page) ਸ. ਇਹਨਾਂ ਵਿਚੋਂ ਕੋਈ ਨਹੀਂ

3. _______ ਦਾ ਅਰਥ ਹੈ ਇੰਟਰਨੈਟ ਨਾਲ ਜੁੜੇ ਹੋਣਾ।

ੳ. ਆਫਲਾਈਨ (Offline) ਅ. ਆਨਲਾਈਨ (Online) ੲ. ਇਨਲਾਈਨ (Inline) ਸ. ਇਹਨਾਂ ਵਿਚੋਂ ਕੋਈ ਨਹੀਂ

4. _____ ਤੋਂ ਭਾਵ ਹੈ ਇੰਟਰਨੈਟ ਉੱਤੇ ਆਪਣੇ ਮਨਪਸੰਦ ਵਿਸ਼ੇ ਨੂੰ ਲੱਭਦੇ ਹੋਏ ਇੱਕ ਵੈਬ ਪੇਜ਼ ਤੋਂ ਦੂਜੇ ਵੈਬ ਪੇਜ਼ ਤੇ ਜਾਂ ਇੱਕ ਵੈਬ ਸਾਈਟ ਤੋਂ ਦੂਜੀ ਵੈਬ ਸਾਈਟ ਤੇ ਜਾਣਾ।

ੳ. ਵੈਬ ਸਰਚਿੰਗ (Web Searching) ਅ. ਡਾਊਨਲੋਡਿੰਗ (Downloading) ੲ. ਵੈਬ ਸਰਫਿੰਗ ਸ. ਉਪਰੋਕਤ ਸਾਰੇ

5. _________ ਇਲੈਕਟ੍ਰਾਨਿਕ ਕਾਮਰਸ (Commerce) ਜਾਂ ਵਪਾਰ ਕਰਨ ਦਾ ਇੱਕ ਤਰੀਕਾ ਹੈ ਜੋ ਕਿ ਯੂਜ਼ਰ ਨੂੰ ਇੰਟਰਨੈਟ ਤੇ ਵੈਬ ਬ੍ਰਾਊਜਰ ਦੀ ਵਰਤੋਂ ਕਰਦੇ ਹੋਏ ਚੀਜਾਂ ਜਾਂ ਸੇਵਾਵਾਂ ਖਰੀਦਣ ਦੀ ਸੁਵਿਧਾ ਪ੍ਰਦਾਨ ਕਰਦਾ ਹੈ।.

ੳ. ਨੈਟ ਬੈਂਕਿੰਗ (Net Banking) ਅ. ਈ-ਮੇਲ (E-Mail) ੲ. ਆਨਲਾਈਨ ਸ਼ਾਪਿੰਗ ਸ. ਮੋਬਾਈਲ (Mobile)

**ਪ੍ਰਸ਼ਨ:2 ਸਹੀ ਜਾਂ ਗਲਤ ਲਿਖੋ**

1. ਕਿਸੇ ਵੀ ਬੋਰਡ ਜਾਂ ਯੂਨੀਵਰਸਿਟੀ ਦਾ ਰਿਜ਼ਲਟ ਆਨਲਾਈਨ ਦੇਖਿਆ ਜਾ ਸਕਦਾ ਹੈ। (ਸਹੀ)
2. ਆਫਲਾਈਨ ਦਾ ਅਰਥ ਹੈ, ਇੰਟਰਨੈਟ ਨਾਲ ਜੁੜੇ ਹੋਣਾ। (ਗਲਤ)
3. ਵੈਬਸਾਈਟ ਵਿੱਚ ਕੇਵਲ ਇੱਕ ਹੀ ਵੈਬ ਪੇਜ਼ ਹੁੰਦਾ ਹੈ। (ਗਲਤ)
4. ਵੈਬ ਸਰਚ ਵੈਬ ਪੇਜਾਂ ਨੂੰ ਲੱਭਣ ਦੀ ਇੱਕ ਪ੍ਰਕਿਰਿਆ ਹੈ। (ਸਹੀ)
5. ਹਰ ਵੈੱਬ ਸਾਈਟ ਦਾ ਆਪਣਾ ਇੱਕ ਵਿਲੱਖਣ ਵੈਬ ਐਡਰੈਸ ਹੁੰਦਾ ਹੈ। (ਸਹੀ)

**ਪ੍ਰਸ਼ਨ:3 ਖਾਲੀ ਥਾਵਾਂ ਭਰੋ।**

I. ਇਕ ਜਾਂ ਇਕ ਤੋਂ ਜਿਆਦਾ ਵੈਬ ਪੇਜਾਂ ਦੇ ਸਮੂਹ ਨੂੰ ______________ ਕਿਹਾ ਜਾਂਦਾ ਹੈ।
II. _________ ਦਾ ਅਰਥ ਹੈ ਇੰਟਰਨੈਟ ਨਾਲ ਜੁੜੇ ਹੋਣਾ।
III. __________ ਟੈਕਨੋਲੋਜੀ ਸਾਨੂੰ ਗਿਆਨ ਅਤੇ ਸੂਚਨਾ ਇਕੱਠੀ ਕਰਨ ਲਈ ਨਵੇਂ ਸੰਚਾਰ ਟੂਲ ਪ੍ਰਦਾਨ ਕਰਵਾ ਰਹੀ ਹੈ।
IV. ਇੰਟਰਨੈਟ ਬੈਂਕਿੰਗ ਦੀ ਸੁਵਿਧਾ ਪ੍ਰਦਾਨ ਕਰਨ ਵਾਲੇ ਬੈਂਕਾਂ ਨੂੰ _______ ਬੈਂਕ ਵੀ ਕਿਹਾ ਜਾਂਦਾ ਹੈ।
V. ਅਸੀਂ ਘਰ ਬੈਠੇ ਹੀ ________ ਦੀ ਮਦਦ ਨਾਲ ਚੀਜ਼ਾਂ ਖਰੀਦ ਸਕਦੇ ਹਾਂ।

**ਉੱਤਰ:** I. ਵੈਬਸਾਈਟ II. ਆਨਲਾਈਨ III. ਸੂਚਨਾ IV. ਵਰਚੁਅਲ ਬੈਂਕ V. ਆਨਲਾਈਨ ਸ਼ਾਪਿੰਗ

**ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1. ਇਨਫਾਰਮੇਸ਼ਨ ਟੈਕਨੋਲੋਜੀ (ਸੂਚਨਾ ਤਕਨੀਕ) ਕੀ ਹੈ?**

ਉ: ਇਨਫਾਰਮੇਸ਼ਨ ਟੈਕਨੋਲੋਜੀ ਨੂੰ IT ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਟੈਕਨੋਲੋਜੀ ਕੰਪਿਊਟਰ ਹਾਰਡਵੇਅਰ ਅਤੇ ਸਾਫਟਵੇਅਰ ਨਾਲ ਸੰਬੰਧਤ ਹੈ। ਇਸਦੀ ਵਰਤੋਂ ਸੂਚਨਾਵਾਂ ਨੂੰ ਪ੍ਰੋਸੈਸ ਕਰਨ, ਸਟੋਰ ਕਰਨ ਅਤੇ ਟ੍ਰਾਂਸਫਰ ਕਰਨ ਲਈ ਕੀਤੀ ਜਾਂਦੀ ਹੈ। ਕਿਸੇ ਵੀ ਦੇਸ਼ ਦੀ ਤਰੱਕੀ ਵਿਚ ਇਨਫਾਰਮੇਸ਼ਨ ਟੈਕਨੋਲੋਜੀ ਦਾ ਵੱਡਾ ਯੋਗਦਾਨ ਹੁੰਦਾ ਹੈ।

**ਪ੍ਰ:2 ਵੈਬਸਾਈਟ ਕੀ ਹੁੰਦੀ ਹੈ?**

ਉ: ਵੈਬਸਾਈਟ ਇਕ ਜਾਂ ਇਕ ਤੋਂ ਜਿਆਦਾ ਵੈਬ ਪੇਜਾਂ ਦਾ ਸਮੂਹ ਹੁੰਦੀ ਹੈ। ਵੈਬਸਾਈਟ ਦੇ ਪੇਜ਼ ਆਪਸ ਵਿਚ ਹਾਈਪਰਲਿੰਕਸ ਦੀ ਸਹਾਇਤਾ ਨਾਲ ਲਿੰਕ ਕੀਤੇ ਹੁੰਦੇ ਹਨ। ਹਰੇਕ ਵੈਬਪੇਜ਼ ਜਾਂ ਵੈਬਸਾਈਟ ਦਾ ਇਕ ਵਿਲੱਖਣ ਐਡਰੈਸ ਹੁੰਦਾ ਹੈ ਜਿਸਨੂੰ URL ਕਿਹਾ ਜਾਂਦਾ ਹੈ। ਕਿਸੇ ਵੀ ਵੈਬਸਾਈਟ ਦੇ ਸਭ ਤੋਂ ਪਹਿਲੇ ਵੈਬਪੇਜ਼ ਨੂੰ ਹੋਮ ਪੇਜ਼ ਕਿਹਾ ਜਾਂਦਾ ਹੈ। ਵੈਬਸਾਈਟ/ਵੈਬਪੇਜ਼ ਖੋਲਣ ਲਈ ਸਾਨੂੰ ਵੈਬ ਬ੍ਰਾਊਜ਼ਰਾਂ ਦੀ ਵਰਤੋਂ ਕਰਨੀ ਪੈਂਦੀ ਹੈ।

**ਪ੍ਰ:3 ਸਰਚਿੰਗ ਕੀ ਹੁੰਦੀ ਹੈ?**

ਉ: ਸਰਚਿੰਗ ਦਾ ਅਰਥ ਹੈ ਕੁੱਝ ਲੱਭਣਾ। ਇੰਟਰਨੈਟ ਉਪਰ ਸਰਚਿੰਗ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਸਾਨੂੰ ਸਰਚ ਕੀਤੀ ਜਾਣ ਵਾਲੀ ਜਾਣਕਾਰੀ ਦੇ ਵੈਬ ਪੇਜਾਂ ਦਾ URL ਨਹੀਂ ਪਤਾ ਹੁੰਦਾ। ਵਰਲਡ ਵਾਈਡ ਵੈਬ ਉਪਰ ਸਰਚਿੰਗ ਲਈ ਸਰਚ ਇੰਜਣਾਂ ਦੀ ਵਰਤੋਂ ਕੀਤੀ ਜਾਂਦੀ ਹੈ। GOOGLE ਅਤੇ BING ਸਭ ਤੋਂ ਵੱਧ ਵਰਤੇ ਜਾਣ ਵਾਲੇ ਮਸ਼ਹੂਰ ਸਰਚ ਇੰਜਣ ਹਨ।

**ਪ੍ਰ:4 ਆਨਲਾਈਨ ਅਤੇ ਆਫਲਾਈਨ ਬਾਰੇ ਦੱਸੋ।**

ਉ: ਆਨਲਾਈਨ ਅਤੇ ਆਫਲਾਈਨ ਇੰਟਰਨੈਟ ਨਾਲ ਸੰਬੰਧਤ ਤਕਨੀਕੀ ਸ਼ਬਦ ਹਨ। ਇਹਨਾਂ ਸੰਬੰਧੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ:

| ਆਨਲਾਈਨ | ਆਫਲਾਈਨ |
|---|---|
| 1) ਆਨਲਾਈਨ ਦਾ ਅਰਥ ਹੈ ਇੰਟਰਨੈਟ ਨਾਲ ਜੁੜੇ ਹੋਣਾ।<br>2) ਜਦੋਂ ਅਸੀਂ ਆਨਲਾਈਨ ਹੁੰਦੇ ਹਾਂ ਤਾਂ ਅਸੀਂ ਵੈਬ ਸਰਵਰ ਉਪਰ ਮੋਜੂਦ ਫਾਈਲਾਂ ਉਪਰ ਕੰਮ ਕਰ ਰਹੇ ਹੁੰਦੇ ਹਾਂ। | 1) ਆਫਲਾਈਨ ਦਾ ਅਰਥ ਹੈ ਇੰਟਰਨੈਟ ਨਾਲ ਜੁੜੇ ਨਾ ਹੋਣਾ।<br>2) ਜਦੋਂ ਅਸੀਂ ਆਫਲਾਈਨ ਹੁੰਦੇ ਹਾਂ ਤਾਂ ਅਸੀਂ ਆਪਣੇ ਕੰਪਿਊਟਰ ਉਪਰ ਮੋਜੂਦ ਫਾਈਲਾਂ ਉਪਰ ਕੰਮ ਕਰ ਰਹੇ ਹੁੰਦੇ ਹਾਂ। |

**ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਇਨਫਾਰਮੇਸ਼ਨ ਟੈਕਨੋਲੋਜੀ ਦੀ ਜ਼ਰੂਰਤ ਦੀ ਵਿਆਖਿਆ ਕਰੋ।**


ਉ: ਵੱਖ-ਵੱਖ ਖੇਤਰਾਂ ਵਿਚ ਇਨਫਾਰਮੇਸ਼ਨ ਟੈਕਨੋਲੋਜੀ ਦੀ ਜ਼ਰੂਰਤ ਦੀ ਵਿਆਖਿਆ ਇਸ ਪ੍ਰਕਾਰ ਹੈ:

1. ਵਪਾਰ ਅਤੇ ਉਦਯੋਗਾਂ ਵਿਚ: ਵਪਾਰ ਅਤੇ ਉਦਯੋਗਾਂ ਵਿਚ ਕੰਮਕਾਜ ਨੂੰ ਸੋਖਾ ਕਰਨ ਲਈ ਇਨਫਾਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਕੀਤੀ ਜਾਂਦੀ ਹੈ।
2. ਘਰਾਂ ਵਿਚ: ਘਰਾਂ ਵਿਚ ਇਨਫਾਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਸੰਚਾਰ, ਸਿੱਖਿਆ ਅਤੇ ਮਨੋਰੰਜਨ ਦੇ ਕੰਮਾਂ ਲਈ ਕੀਤੀ ਜਾਂਦੀ ਹੈ।
3. ਸਿਖਲਾਈ ਲਈ: ਇਨਫਾਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਗਿਆਨ ਹਾਸਿਲ ਕਰਨ ਲਈ ਅਤੇ ਵੱਖ-ਵੱਖ ਖੇਤਰਾਂ ਵਿਚ ਸਿਖਲਾਈ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ।

**ਪ੍ਰ:2 ਆਨਲਾਈਨ ਰਿਜ਼ਲਟ ਦੇਖਣ ਦੇ ਸਟੈਪ ਲਿਖੋ।**

ਉ: ਆਨਲਾਈਨ ਰਿਜ਼ਲਟ ਦੇਖਣ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

1. ਸਭ ਤੋਂ ਪਹਿਲਾਂ ਕੋਈ ਵੀ ਵੈਬ ਬ੍ਰਾਊਜ਼ਰ ਓਪਨ ਕਰੋ।
2. ਐਡਰੈਸ ਬਾਰ ਵਿਚ ਰਿਜ਼ਲਟ ਦੇਖਣ ਵਾਲੀ ਵੈਬਸਾਈਟ ਦਾ ਐਡਰੈਸ (URL) ਟਾਈਪ ਕਰੋ ਅਤੇ ਐਂਟਰ ਕੀਅ ਦਬਾਓ।
3. ਹੁਣ ਉਸ ਜਮਾਤ ਅਤੇ ਸੈਸ਼ਨ ਦੀ ਚੋਣ ਕਰੋ ਜਿਸਦਾ ਰਿਜ਼ਲਟ ਦੇਖਣਾ ਹੈ।
4. ਪੁੱਛੀ ਗਈ ਜਾਣਕਾਰੀ – ਵਿਦਿਆਰਥੀ ਦਾ ਰੋਲ ਨੰ ਜਾਂ ਨਾਂ ਆਦਿ ਟਾਈਪ ਕਰੋ।
5. ਸਰਚ ਰਿਜ਼ਲਟ ਬਟਨ ਉਪਰ ਕਲਿੱਕ ਕਰੋ।




**ਪ੍ਰ:3 ਮੋਬਾਈਲ ਟੈਕਨੋਲੋਜੀ ਉੱਪਰ ਨੋਟ ਲਿਖੋ।**

ਉ: ਮੋਬਾਈਲ ਟੈਕਨੋਲੋਜੀ ਇਕ ਪੋਰਟੇਬਲ ਟੈਕਨੋਲੋਜੀ ਹੈ। ਇਹ ਟੈਕਨੋਲੋਜੀ ਇਨਫਾਰਮੇਸ਼ਨ ਟੈਕਨੋਲੋਜੀ ਦਾ ਹੀ ਇਕ ਭਾਗ ਹੈ। ਇਸ ਟੈਕਨੋਲੋਜੀ ਦੀ ਵਰਤੋਂ ਕਾਰਨ ਹੀ ਸੰਸਾਰ ਦੇ ਦੂਰ ਦੁਰਾਡੇ ਇਲਾਕਿਆਂ ਨਾਲ ਸੰਚਾਰ ਕਰਨਾ ਸੰਭਵ ਹੋ ਸਕਿਆ ਹੈ। ਇਸ ਟੈਕਨੋਲੋਜੀ ਨੇ ਸੰਚਾਰ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਕੇ ਰੱਖ ਦਿਤਾ ਹੈ। ਮੋਬਾਈਲ ਟੈਕਨੋਲੋਜੀ ਦੇ ਕੁੱਝ ਮਹੱਤਵਪੂਰਣ ਉਪਯੋਗ ਹੇਠ ਲਿਖੇ ਅਨੁਸਾਰ ਹਨ:

1. ਸਿੱਖਿਆ
2. ਸਰਵੇਖਣ ਅਤੇ ਚੋਣਾਂ
3. ਬੈਂਕਿੰਗ
4. ਡਾਟਾ ਦਾ ਵਿਸ਼ਲੇਸ਼ਣ

**ਪ੍ਰ:4 ਆਨਲਾਈਨ ਸ਼ਾਪਿੰਗ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਥਾਰ ਨਾਲ ਦਸੋ।**

ਉ: ਆਨਲਾਈਨ ਸ਼ਾਪਿੰਗ ਈ-ਕਾਮਰਸ ਦਾ ਇਕ ਰੂਪ ਹੈ। ਆਨਲਾਈਨ ਸ਼ਾਪਿੰਗ ਵਿਚ ਅਸੀਂ ਇੰਟਰਨੈਟ ਦੀ ਵਰਤੋਂ ਕਰਦੇ ਹੋਏ ਘਰ ਬੈਠੇ ਹੀ ਚੀਜਾਂ ਅਤੇ ਸੇਵਾਵਾਂ ਖਰੀਦ ਸਕਦੇ ਹਾਂ। ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠੇ ਕਿਸੇ ਵੀ ਸਮੇਂ ਆਨਲਾਈਨ ਸ਼ਾਪਿੰਗ ਕਰ ਸਕਦੇ ਹਾਂ। ਆਨਲਾਈਨ ਸ਼ਾਪਿੰਗ ਵਿਚ ਅਸੀਂ ਆਪਣੀ ਖਰੀਦਦਾਰੀ ਦੇ ਬਿੱਲ ਦਾ ਭੁਗਤਾਨ ਕਰਨ ਲਈ ਕ੍ਰੈਡਿਟ ਜਾਂ ਡੈਬਿਟ ਕਾਰਡ ਜਾਂ ਨੈਟਬੈਂਕਿੰਗ ਆਦਿ ਦੀ ਵਰਤੋਂ ਕਰ ਸਕਦੇ ਹਾਂ। ਖਰੀਦੀ ਗਈ ਚੀਜ਼ ਵਪਾਰੀ ਵਲੋਂ ਆਪਣੇ ਆਪ ਸਾਡੇ ਘਰ ਪਹੁੰਚਾ ਦਿਤੀ ਜਾਂਦੀ ਹੈ। AMAZON, FLIPKART ਆਦਿ ਆਮ ਵਰਤੀਆਂ ਜਾਣ ਵਾਲੀਆਂ ਈ-ਕਾਮਰਸ ਸਾਈਟਾਂ ਹਨ ਜਿਹਨਾਂ ਦੀ ਵਰਤੋਂ ਕਰਦੇ ਹੋਏ ਅਸੀਂ ਆਨਲਾਈਨ ਸ਼ਾਪਿੰਗ ਕਰ ਸਕਦੇ ਹਾਂ।

ਪ੍ਰ:5 ਨੈਟ ਬੈਂਕਿੰਗ ਦੀ ਵਿਆਖਿਆ ਕਰੋ।
ਉ: ਨੈਟ-ਬੈਂਕਿੰਗ ਨੂੰ ਆਨਲਾਈਨ ਬੈਂਕਿੰਗ ਵੀ ਕਿਹਾ ਜਾਂਦਾ ਹੈ। ਨੈਟਬੈਂਕਿੰਗ ਨੇ ਬੈਂਕਾਂ ਦੇ ਕੰਮਕਾਜ ਕਰਨ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਕੇ ਰੱਖ ਦਿਤਾ ਹੈ। ਨੈਟਬੈਂਕਿੰਗ ਨਾਲ ਅਸੀਂ ਬੈਂਕਾਂ ਨਾਲ ਸੰਬੰਧਤ ਕੰਮਕਾਜ ਇੰਟਰਨੈਟ ਦੀ ਵਰਤੋਂ ਕਰਦੇ ਹੋਏ ਘਰ ਬੈਠੇ ਹੀ ਕਰ ਸਕਦੇ ਹਾਂ। ਨੈਟ ਬੈਂਕਿੰਗ ਦੀ ਵਰਤੋਂ ਨਾਲ ਕੀਤੇ ਜਾਣ ਵਾਲੇ ਕੁੱਝ ਮੁੱਖ ਕੰਮ ਇਸ ਪ੍ਰਕਾਰ ਹਨ:

- ਅਸੀਂ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।
- ਬਿਜਲੀ ਆਦਿ ਦਾ ਬਿੱਲ ਭਰ ਸਕਦੇ ਹਾਂ।
- ਆਪਣੇ ਖਾਤੇ ਵਿਚੋਂ ਕਿਸੇ ਹੋਰ ਵਿਅਕਤੀ ਦੇ ਖਾਤੇ ਵਿਚ ਪੈਸੇ ਟ੍ਰਾਂਸਫਰ ਕਰ ਸਕਦੇ ਹਾਂ

ਇੰਟਰਨੈਟ ਬੈਂਕਿੰਗ ਦੀ ਸੁਵਿਧਾ ਪ੍ਰਦਾਨ ਕਰਨ ਵਾਲੇ ਬੈਂਕਾਂ ਨੂੰ ਵਰਚੁਅਲ ਬੈਂਕ, ਸਾਈਬਰ ਬੈਂਕ ਜਾਂ ਵੈਬ ਬੈਂਕ ਵੀ ਕਿਹਾ ਜਾਂਦਾ ਹੈ।

## ਪਾਠ 4
## ਮਾਈਕਰੋਸਾਫਟ ਪਾਵਰਪੁਆਇੰਟ ਭਾਗ-1

ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:

1. ____________ ਇੱਕ ਪ੍ਰੈਜ਼ਨਟੇਸ਼ਨ ਗ੍ਰਾਫਿਕਸ ਸਾਫਟਵੇਅਰ ਹੈ।
ੳ) ਪਾਵਰਪੁਆਇੰਟ (PowerPoint) ਅ) ਵਰਡ (Word) ੲ) ਐਕਸਲ (Excel) ਸ) ਪੇਂਟ (Paint)

2. __________ ਕਿਸੇ ਵਿਸ਼ੇ ਨੂੰ ਰੋਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕਿਰਿਆ ਹੈ।
ੳ) ਵਰਡ ਪ੍ਰੋਸੈਸਰ ਅ) ਸਲਾਇਡ ੲ) ਪ੍ਰੈਜ਼ਨਟੇਸ਼ਨ ਸ) ਟ੍ਰਾਂਜੀਸ਼ਨ (Transition)

3. ਇੱਕ ________ ਪ੍ਰੈਜ਼ਨਟੇਸ਼ਨ ਦਾ ਇੱਕ ਪੇਜ਼ ਹੁੰਦਾ ਹੈ।
ੳ) ਸਲਾਇਡ (Slide) ਅ) ਡਾਕੂਮੈਂਟ (Document) ੲ) ਸ਼ੀਟ (Sheet) ਸ) ਇਹਨਾਂ ਵਿਚੋਂ ਕੋਈ ਨਹੀਂ

4. __________ ਸਾਡੀ ਪ੍ਰੈਜ਼ਨਟੇਸ਼ਨ ਵਿੱਚ ਮੋਜੂਦਾ ਸਲਾਇਡ (current slide) ਨੂੰ ਦਰਸ਼ਾਉਂਦਾ ਹੈ।
ੳ) ਆਊਟਲਾਈਨ ਪੇਨ ਅ) ਕਨਟੈਂਟ ਪੇਨ ੲ) ਰੀਬਨ (Ribbon) ਸ) ਸਲਾਇਡ ਪੇਨ

ਪ੍ਰਸ਼ਨ:2 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰ:1 ਤੁਸੀਂ ਪਾਵਰਪੁਅਇੰਟ ਨੂੰ ਕਿਵੇਂ ਓਪਨ ਕਰੋਗੇ।
ਉ: Start → All Programs → Microsoft Office → Microsoft PowerPoint

ਪ੍ਰ:2 ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਨੂੰ ਸੇਵ (Save) ਕਰਨ ਦੀ ਸ਼ਾਰਕੱਟ ਕੀਅ ਲਿਖੋ।
ਉ: Ctrl+S

ਪ੍ਰ:3 ਪਾਵਰਪੁਆਇੰਟ ਨੂੰ ਬੰਦ (Close) ਕਰਨ ਦੀ ਸ਼ਾਰਕੱਟ ਕੀਅ ਲਿਖੋ।
ਉ: Alt+F4


ਪ੍ਰ:4 ਪਹਿਲੀ ਸਲਾਇਡ ਤੋਂ "ਸਲਾਇਡ ਸ਼ੋਅ" ਸਟਾਰਟ ਕਰਨ ਦੀ ਸ਼ਾਰਟਕੱਟ ਕੀਅ ਲਿਖੋ।
ਉ: F5 ਫੰਕਸ਼ਨ ਕੀਅ

ਪ੍ਰ:5 ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਫਾਈਲ ਦੀ ਐਕਸਟੈਂਸ਼ਨ (extension) ਲਿਖੋ।
ਉ: .pptx

ਪ੍ਰ:5 RUN ਬਾਕਸ ਨਾਲ ਪਾਵਰਪੁਆਇੰਟ ਓਪਨ ਕਰਨ ਲਈ ਕਿਹੜੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ?
ਉ: POWERPNT

ਪ੍ਰਸ਼ਨ: 3 ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰ:1 ਪਾਵਰਪੁਆਇੰਰ (PowerPoint) ਕੀ ਹੈ?
ਉ: ਪਾਵਰਪੁਆਇੰਟ ਇਕ ਪ੍ਰੈਜ਼ਨਟੇਸ਼ਨ ਗ੍ਰਾਫਿਕਸ ਸਾੱਫਟਵੇਅਰ ਹੈ। ਇਹ ਐਮ.ਐਸ. ਆਫਿਸ ਦਾ ਹੀ ਇਕ ਭਾਗ ਹੈ। ਇਹ ਸਾਨੂੰ ਪ੍ਰਭਾਵਸ਼ਾਲੀ ਇਲੈਕਟ੍ਰਾਨਿਕ ਸਲਾਇਡ ਸ਼ੋਅ ਬਣਾਉਣ ਦੀ ਆਗਿਆ ਦਿੰਦਾ ਹੈ। ਪਾਵਰਪੁਆਇੰਟ ਵਿਚ ਪ੍ਰਸਤੁਤੀ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅਸੀਂ ਉਸ ਵਿੱਚ ਐਨੀਮੇਸ਼ਨ ਇਫੈਕਟਸ ਆਦਿ ਦਾਖਲ ਕਰ ਸਕਦੇ ਹਾਂ।



**ਪ੍ਰ:2 ਪ੍ਰੈਜ਼ਨਟੇਸ਼ਨ (Presentation) ਉੱਪਰ ਨੋਟ ਲਿਖੋ।**

ਉ: ਪ੍ਰੈਜ਼ਨਟੇਸ਼ਨ ਕਿਸੇ ਵਿਸ਼ੇ ਨੂੰ ਰੋਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕਿਰਿਆ ਹੈ। ਪ੍ਰੈਜ਼ਨਟੇਸ਼ਨ ਦਾ ਉਦੇਸ਼ ਤਸਵੀਰ, ਟੈਕਸਟ, ਐਨੀਮੇਸ਼ਨ ਆਦਿ ਦੀ ਵਰਤੋਂ ਕਰਦੇ ਹੋਏ ਵਿਸ਼ਾ-ਵਸਤੂ ਨੂੰ ਆਸਾਨੀ ਨਾਲ ਸਮਝਣਯੋਗ ਬਣਾਉਣਾ ਹੈ। ਇੱਕ ਪ੍ਰੈਜ਼ਨਟੇਸ਼ਨ ਵਿੱਚ ਇੱਕ ਜਾਂ ਵਧੇਰੇ ਸਲਾਈਡਾਂ ਹੋ ਸਕਦੀਆਂ ਹਨ। ਪਾਵਰਪੁਆਇੰਟ ਵਿਚ ਅਸੀਂ ਬਹੁਤ ਆਸਾਨੀ ਨਾਲ ਪ੍ਰੈਜ਼ਨਟੇਸ਼ਨ ਤਿਆਰ ਕਰ ਸਕਦੇ ਹਾਂ।

**ਪ੍ਰ:3 ਸਲਾਇਡ (Slide) ਕੀ ਹੁੰਦੀ ਹੈ?**

ਉ: ਇੱਕ ਸਲਾਇਡ ਪ੍ਰੈਜ਼ਨਟੇਸ਼ਨ ਦਾ ਇੱਕ ਪੇਜ਼ ਹੁੰਦਾ ਹੈ। ਇਹ 35 ਮਿਲੀਮੀਟਰ (mm) ਦੀ ਫਿਲਮ ਅਧਾਰਤ ਸਲਾਇਡ ਵਰਗੀ ਹੁੰਦੀ ਹੈ। ਸਲਾਇਡ ਨੂੰ ਪਾਵਰਪੁਆਇੰਟ ਵਿੱਚ ਵਰਕ-ਏਰੀਆ ਮੰਨਿਆ ਜਾ ਸਕਦਾ ਹੈ ਜਿੱਥੇ ਅਸੀਂ ਪ੍ਰੈਜ਼ਨਟੇਸ਼ਨ ਬਣਾਉਣ ਲਈ ਕੰਟੈਂਟਸ ਰੱਖਦੇ ਹਾਂ। ਇੱਕ ਪ੍ਰੈਜ਼ਨਟੇਸ਼ਨ ਵਿੱਚ ਇੱਕ ਜਾਂ ਇੱਕ ਤੋਂ ਵੱਧ ਸਲਾਈਡਾਂ ਹੋ ਸਕਦੀਆਂ ਹਨ।

**ਪ੍ਰ:4 ਪਾਵਰਪੁਆਇੰਟ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਲਿਖੋ।**

ਉ: ਪਾਵਰਪੁਆਇੰਟ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਹੇਠ ਲਿਖੇ ਹਨ:

- ਟਾਈਟਲ ਬਾਰ
- ਰਿਬਨ ਅਤੇ ਟੈਬ
- ਆਊਟਲਾਈਨ/ਸਲਾਇਡਜ਼ ਟੈਬ
- ਸਲਾਇਡ ਪੇਨ
- ਨੋਟਸ ਪੇਨ
- ਸਟੇਟਸ ਬਾਰ
- ਵਿਊ ਆਪਸ਼ਨਜ਼

**ਪ੍ਰ:5 ਤੁਸੀਂ ਪਾਵਰਪੁਆਇੰਟ ਵਿੱਚ ਦਰਸ਼ਕਾਂ ਲਈ ਪ੍ਰੈਜ਼ਨਟੇਸ਼ਨ ਨੂੰ ਕਿਵੇਂ ਪਲੇਅ (play) ਕਰੋਗੇ?**

ਉ: ਪਾਵਰਪੁਆਇੰਟ ਦਰਸ਼ਕਾਂ ਲਈ ਸਾਡੀ ਪ੍ਰੈਜ਼ਨਟੇਸ਼ਨ ਨੂੰ ਪਲੇਅ (play) ਕਰਨ ਦੇ ਬਹੁਤ ਸਾਰੇ ਤਰੀਕੇ ਪ੍ਰਦਾਨ ਕਰਦਾ ਹੈ। ਕੁੱਝ ਮੁੱਖ ਤਰੀਕੇ ਇਸ ਪ੍ਰਕਾਰ ਹਨ:

- ਪਹਿਲੀ ਸਲਾਇਡ ਤੋਂ ਪ੍ਰੈਜ਼ਨਟੇਸ਼ਨ ਸ਼ੁਰੂ ਕਰਨ ਲਈ ਸ਼ਾਰਟਕੱਟ ਕੀਅ F5 ਦਬਾਓ
- ਮੌਜੂਦਾ ਸਲਾਇਡ ਤੋਂ ਪ੍ਰੈਜ਼ਨਟੇਸ਼ਨ ਸ਼ੁਰੂ ਕਰਨ ਲਈ ਸ਼ਾਰਟਕੱਟ ਕੀਅ Shift + F5 ਦਬਾਓ

**ਪ੍ਰ:6 ਪਾਵਰਪੁਆਇੰਟ ਵਿੱਚ ਸਲਾਇਡ ਪੇਨ (Slide Pane) ਅਤੇ ਨੋਟਸ ਪੇਨ (Notes Pane) ਸੰਬੰਧੀ ਜਾਣਕਾਰੀ ਦਿਓ।**

ਉ: ਪਾਵਰਪੁਆਇੰਟ ਵਿਚ ਸਲਾਇਡ ਪੇਨ ਅਤੇ ਨੋਟਸ ਪੇਨਸ ਸੰਬੰਧੀ ਜਾਣਕਾਰੀ ਹੇਠਾਂ ਦਿਤੀ ਗਈ ਹੈ:

- **ਸਲਾਇਡ ਪੇਨ (Slide Pane):** ਇਹ ਪੇਨ ਸਾਡੀ ਪ੍ਰੈਜ਼ਨਟੇਸ਼ਨ ਵਿੱਚ ਮੋਜੂਦਾ ਸਲਾਇਡ (current slide) ਨੂੰ ਦਰਸ਼ਾਉਂਦਾ ਹੈ।
- **ਨੋਟਸ ਪੇਨ (Notes Pane):** ਇਹ ਪੇਨ ਸਲਾਇਡ ਪੇਨ ਦੇ ਨਿੱਚੇ ਮੋਜੂਦ ਹੁੰਦੀ ਹੈ। ਇਸ ਪੇਨ ਦੀ ਵਰਤੋਂ ਸਲਾਇਡ ਕੰਟੈਂਟਸ ਨਾਲ ਸੰਬੰਧਤ ਨੋਟਸ ਟਾਈਪ ਕਰਨ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**


**ਪ੍ਰ:1 ਪਾਵਰਪੁਅਇੰਟ ਵਿੰਡੋ ਦੇ ਕੋਈ 3 ਮੁੱਖ ਭਾਗਾਂ ਦਾ ਵਰਨਣ ਕਰੋ।**

ਉ: ਪਾਵਰਪੁਆਇੰਟ ਵਿੰਡੋ ਦੇ ਕਈ ਭਾਗ ਹੁੰਦੇ ਹਨ। 3 ਮੁੱਖ ਭਾਗਾਂ ਦਾ ਵਰਨਣ ਇਸ ਪ੍ਰਕਾਰ ਹੈ:

- **ਸਲਾਇਡ ਪੇਨ (Slide Pane):** ਇਹ ਪੇਨ ਸਾਡੀ ਪ੍ਰੈਜ਼ਨਟੇਸ਼ਨ ਵਿੱਚ ਮੋਜੂਦਾ ਸਲਾਇਡ (current slide) ਨੂੰ ਦਰਸ਼ਾਉਂਦਾ ਹੈ।
- **ਨੋਟਸ ਪੇਨ (Notes Pane):** ਇਹ ਪੇਨ ਸਲਾਇਡ ਪੇਨ ਦੇ ਨਿੱਚੇ ਮੋਜੂਦ ਹੁੰਦੀ ਹੈ। ਇਸ ਪੇਨ ਦੀ ਵਰਤੋਂ ਸਲਾਇਡ ਕੰਟੈਂਟਸ ਨਾਲ ਸੰਬੰਧਤ ਨੋਟਸ ਟਾਈਪ ਕਰਨ ਲਈ ਕੀਤੀ ਜਾਂਦੀ ਹੈ।
- **ਟਾਈਟਲ ਬਾਰ (Title Bar):** ਇਹ ਪਾਵਰਪੁਆਇੰਟ ਵਿੰਡੋ ਦੀ ਸਭ ਤੋਂ ਉੱਪਰਲੀ ਬਾਰ ਹੈ। ਇਸ ਬਾਰ ਵਿੱਚ ਸਾਫਟਵੇਅਰ ਦਾ ਨਾਮ (Microsoft PowerPoint) ਅਤੇ ਮੋਜੂਦਾ ਓਪਨ ਕੀਤੀ ਹੋਈ ਫਾਈਲ ਦਾ ਨਾਮ ਦਿਖਾਈ ਦਿੰਦਾ ਹੈ।

**ਪ੍ਰ:2 ਤੁਸੀਂ ਪਾਵਰਪੁਆਂਇੰਟ ਵਿੱਚ ਫੋਟੋ ਐਲਬਮ ਪ੍ਰੈਜ਼ਨਟੇਸ਼ਨ ਕਿਵੇਂ ਤਿਆਰ ਕਰੋਗੇ?**

ਉ: ਅਸੀਂ ਪਾਵਰਪੁਆਇੰਟ ਵਿੱਚ ਫੋਟੋ-ਐਲਬਮ ਪ੍ਰੈਜ਼ਨਟੇਸ਼ਨ ਵੀ ਬਣਾ ਸਕਦੇ ਹਾਂ। ਫੋਟੋ-ਐਲਬਮ ਪ੍ਰੈਜ਼ਨਟੇਸ਼ਨ ਤਿਆਰ ਕਰਨ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:




1. Insert ਟੈਬ ਉੱਪਰ ਕਲਿੱਕ ਕਰੋ।
2. Images ਗਰੁੱਪ ਵਿੱਚ Photo Album ਆਪਸ਼ਨ ਉੱਪਰ ਕਲਿੱਕ ਕਰੋ ਅਤੇ ਫਿਰ New Photo Album ਆਪਸ਼ਨ ਉੱਤੇ ਕਲਿੱਕ ਕਰੋ।
3. Photo Album ਡਾਇਲਾਗ ਬਾਕਸ ਓਪਨ ਹੋਵੇਗਾ। ਇਸ ਵਿਚ File/Disk... ਆਪਸ਼ਨਾਂ ਦੀ ਮਦਦ ਨਾਲ ਤਸਵੀਰਾਂ ਦੀ ਚੋਣ ਕਰੋ।
4. Album ਡਾਇਲਾਗ ਬਾਕਸ ਦੀਆਂ ਵੱਖ-ਵੱਖ ਆਪਸ਼ਨਾਂ ਦੀ ਮਦਦ ਨਾਲ ਤਸਵੀਰਾਂ ਦੀਆਂ ਸੈਟਿੰਗਜ਼ ਕਰੋ।
5. ਅੰਤ ਵਿਚ Album ਡਾਇਲਾਗ ਬਾਕਸ ਦੇ Create ਬਟਨ ਉੱਪਰ ਕਲਿੱਕ ਕਰੋ।
6. ਇਸ ਤਰ੍ਹਾਂ ਇਕ ਨਵੀਂ ਫੋਟੋ ਐਲਬਮ ਪ੍ਰੈਜ਼ਨਟੇਸ਼ਨ ਤਿਆਰ ਹੋ ਜਾਵੇਗੀ।

## ਪਾਠ 5
### ਮਾਈਕਰੋਸਾਫਟ ਪਾਵਰਪੁਆਇੰਟ ਭਾਗ-2

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

1. _________ ਸਲਾਇਡ ਉੱਪਰ ਵੱਖ ਵੱਖ ਤੱਤਾਂ ਦੇ ਡਿਜ਼ਾਇਨ ਅਤੇ ਪਲੇਸਮੈਂਟ ਨੂੰ ਪ੍ਰਭਾਸ਼ਿਤ ਕਰਦਾ ਹੈ।

ੳ) ਬੈਕਗ੍ਰਾਊਂਡ ਸਟਾਈਲ ਅ) ਪਲੇਸਹੋਲਡਰਜ਼ ੲ) ਸਲਾਇਡ ਲੇਆਉਟ ਸ) ਪੈਟਰਨ

2. ਇੱਕ _____________ ਦੋ ਜਾਂ ਦੋ ਤੋਂ ਵਧੇਰੇ ਰੰਗਾਂ ਦਾ ਮਿਸ਼ਰਨ ਹੁੰਦਾ ਹੈ ਜੋ ਇੱਕ ਦੂਜੇ ਵਿੱਚ ਮਰਜ (merge) ਹੋ ਜਾਂਦੇ ਹਨ।

ੳ) ਥੀਮ (Theme) ਅ) ਪੈਟਰਨ (Pattern) ੲ) ਬੈਕਗ੍ਰਾਊਂਡ ਸਟਾਈਲ (Background Style) ਸ) ਗਰੇਡੀਐਂਟ (Gradient)

3. _________ ਡਿਫਾਲਟ (default) ਵਿਊ ਹੈ ਜਿਥੇ ਅਸੀਂ ਆਪਣੀਆਂ ਸਲਾਈਡਾਂ ਬਣਾਉਂਦੇ, ਐਡਿਟ ਕਰਦੇ ਅਤੇ ਡਿਜ਼ਾਈਨ ਕਰਦੇ ਹਾਂ।

ੳ) ਨਾਰਮਲ ਵਿਊ (Normal View) ਅ) ਸਲਾਇਡ ਸ਼ੋਅ (Slide Show)
ੲ) ਸਲਾਇਡ ਸਾਰਟਰ ਵਿਊ (Slide Sorter View) ਸ) ਰੀਡਿੰਗ ਵਿਊ (Reading View)



(Please Visit http://cspunjab.nirmancampus.co.in for more computer science contents)

4. PowerPoint 2010 ਵਿੱਚ ______ ਡਿਫਾਲਟ ਸਲਾਇਡ ਬੈਕਗ੍ਰਾਉਂਡ ਸਟਾਈਲਸ ਉਪਲਬਧ ਹਨ।

ੳ) 48 ਅ) 4 ੲ) 12 ਸ) 3

5. ______ ਕੰਟਰੋਲ ਸਲਾਇਡ ਕੰਟੈਂਟਸ ਨੂੰ ਨੇੜੇ ਤੋਂ ਵੇਖਣ (closer look) ਲਈ ਸਾਨੂੰ ਜ਼ੂਮ-ਇਨ (zoom-in) ਕਰਨ ਦੀ ਆਗਿਆ ਦਿੰਦਾ ਹੈ।

ੳ) ਜ਼ੂਮ (Zoom) ਅ) ਸਲਾਇਡ (Slide) ੲ) ਨਾਰਮਲ ਵਿਊ (Normal View) ਸ) ਗ੍ਰੇਡੀਐਂਟ (Gradient)

## ਪ੍ਰਸ਼ਨ:2 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਇੱਕ ਨਵੀਂ ਸਲਾਇਡ ਦਾਖਲ ਕਰਨ ਦੀ ਸ਼ਾਰਟਕੱਟ ਕੀਅ ਲਿਖੋ।**

ਉ: Ctrl + M

**ਪ੍ਰ:2 ਇੱਕ ਨਵੀਂ ਪਰੈਜ਼ਨਟੇਸ਼ਨ ਫਾਈਲ ਬਨਾਉਣ ਦੀ ਸ਼ਾਰਟਕੱਟ ਕੀਅ ਲਿਖੋ।**

ਉ: Ctrl+ N

**ਪ੍ਰ:3 ਸਲਾਇਡ ਉੱਪਰ ਟੈਕਸਟ ਨੂੰ ਫਾਰਮੇਟ ਕਰਨ ਲਈ ਕਿਹੜੇ ਟੈਬ ਦੀ ਵਰਤੋਂ ਕੀਤੀ ਜਾਂਦੀ ਹੈ?**

ਉ: Home ਟੈਬ

**ਪ੍ਰ:4 ਕਿਹੜਾ ਪਾਵਰਪੁਆਇੰਟ ਵਿਊ ਦਰਸ਼ਕਾਂ ਅੱਗੇ ਪ੍ਰੈਜ਼ਨਟੇਸ਼ਨ ਪੇਸ਼ ਕਰਨ ਲਈ ਵਰਤਿਆ ਜਾਂਦਾ ਹੈ?**

ਉ: Slide Show ਵਿਊ

**ਪ੍ਰ:5 ਪਾਵਰਪੁਆਇੰਟ ਵਿੱਚ ਕਿਹੜੀ ਬਾਰ ਵਿੱਚ ਵਿਊ ਬਟਨਜ਼ ਅਤੇ ਜ਼ੂਮ ਸਲਾਇਡਰ ਮੌਜੂਦ ਹੁੰਦੇ ਹਨ?**

ਉ: ਸਟੇਟਸ ਬਾਰ

## ਪ੍ਰਸ਼ਨ: 3 ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਪਾਵਰਪੁਆਇੰਟ ਵਿੱਚ File ਟੈਬ ਦੀ ਮਦਦ ਨਾਲ ਨਵੀਂ ਪ੍ਰੈਜ਼ਨਟੇਸ਼ਨ ਫਾਈਲ ਬਨਾਉਣ ਦੇ ਸਟੈਪ ਲਿਖੋ।**

ਉ: File ਟੈਬ ਦੀ ਮਦਦ ਨਾਲ ਨਵੀਂ ਪ੍ਰੈਜ਼ਨਟੇਸ਼ਨ ਫਾਈਲ ਬਨਾਉਣ ਦੇ ਸਟੈਪ ਹੇਠਾਂ ਦਿਤੇ ਗਏ ਹਨ:

1. File ਟੈਬ ਉੱਪਰ ਕਲਿੱਕ ਕਰੋ।
2. New ਆਪਸ਼ਨ ਉੱਪਰ ਕਲਿੱਕ ਕਰੋ।
3. Blank Presentation ਉੱਪਰ ਕਲਿੱਕ ਕਰੋ।
4. Create ਬਟਨ ਉੱਪਰ ਕਲਿੱਕ ਕਰੋ।

**ਪ੍ਰ:2 ਪਲੇਸਹੋਲਡਰਜ਼ (Placeholders) ਕੀ ਹੁੰਦੇ ਹਨ?**

ਉ: ਪਲੇਸਹੋਲਡਰ ਸਲਾਇਡ ਲੇਆਉਟ ਉੱਪਰ ਡਾਟੇਡ ਲਾਈਨਾਂ ਵਾਲੇ ਕੰਟੇਨਰ (Dotted-Line Containers) ਹੁੰਦੇ ਹਨ। ਇਹਨਾਂ ਵਿੱਚ ਕਈ ਤਰ੍ਹਾਂ ਦੇ ਕੰਟੈਂਟਸ ਰੱਖੇ ਜਾ ਸਕਦੇ ਹਨ, ਜਿਵੇਂ ਕਿ: ਟਾਈਟਲ (Title), ਟੇਬਲ (Table), ਚਾਰਟ (Chart), ਤਸਵੀਰਾਂ (Pictures), ਕਲਿੱਪ ਆਰਟ (ClipArt), ਆਦਿ।


**ਪ੍ਰ:3 ਥੀਮਜ਼ (Themes) ਕੀ ਹੁੰਦੇ ਹਨ?**

ਉ: ਇੱਕ ਥੀਮ ਕਲਰਜ਼, ਫੌਂਟਸ ਅਤੇ ਵਿਜ਼ੁਅਲ ਇਫੈਕਟਸ (visual effects) ਦਾ ਪਹਿਲਾਂ ਤੋਂ ਹੀ ਪਰੀਭਾਸ਼ਿਤ ਇੱਕ ਸਮੂਹ ਹੁੰਦਾ ਹੈ। ਇਹਨਾਂ ਦੀ ਵਰਤੋਂ ਅਸੀਂ ਆਪਣੀਆਂ ਸਲਾਈਡਾਂ ਉੱਪਰ ਇੱਕਸਾਰ ਅਤੇ ਪੇਸ਼ੇਵਰ ਦਿੱਖ ਸੈੱਟ ਕਰਨ ਲਈ ਕਰਦੇ ਹਾਂ।

**ਪ੍ਰ:4 ਪਾਵਰਪੁਆਇੰਟ ਵਿੰਡੋ ਦੇ ਸਟੇਟਸ ਬਾਰ ਵਿੱਚ ਮੌਜੂਦ ਵਿਊ ਬਟਨਜ਼ ਦੇ ਨਾਂ ਲਿਖੋ।**


ਉ: ਸਟੇਟਸ ਬਾਰ ਵਿੱਚ ਜ਼ੂਮ ਸਲਾਇਡਰ ਦੇ ਨਾਲ ਚਾਰ ਵਿਊ ਬਟਨ ਹੁੰਦੇ ਹਨ:

- ਨਾਰਮਲ ਵਿਊ (Normal View)
- ਸਲਾਈਡ ਸਾਰਟਰ ਵਿਊ (Slide Sorter View)
- ਰੀਡਿੰਗ ਵਿਊ (Reading View)
- ਸਲਾਈਡ ਸ਼ੋਅ ਵਿਊ (Slide Show)




**ਪ੍ਰ:5 ਗਰੇਡੀਐਂਟ ਫਿੱਲ (Gradient Fill) ਕੀ ਹੈ?**

ਉ: ਇੱਕ ਗਰੇਡੀਐਂਟ ਦੋ ਜਾਂ ਦੋ ਤੋਂ ਵਧੇਰੇ ਰੰਗਾਂ ਦਾ ਮਿਸ਼ਰਨ ਹੁੰਦਾ ਹੈ ਜੋ ਇੱਕ ਦੂਜੇ ਵਿੱਚ ਮਰਜ (merge) ਹੋ ਜਾਂਦੇ ਹਨ। ਗਰੇਡੀਐਂਟ ਫਿਲ (Gradient Fill) ਆਪਸ਼ਨ ਗਰੇਡੀਐਂਟ ਨੂੰ ਇੱਕ ਸਲਾਇਡ ਬੈਕਗ੍ਰਾਉਂਡ ਦੇ ਰੂਪ ਵਿੱਚ ਲਾਗੂ ਕਰਨ ਲਈ ਵਰਤਿਆ ਜਾਂਦਾ ਹੈ। ਇਹ ਆਪਸ਼ਨ Format Background ਡਾਇਲਾਗ ਬਾਕਸ ਵਿਚ ਮੌਜੂਦ ਹੁੰਦੀ ਹੈ।




**ਪ੍ਰ:6 ਫਾਰਮੇਟ ਬੈਕਗ੍ਰਾਉਂਡ (Format Background) ਡਾਇਲਾਗ ਬਾਕਸ ਦੇ Fill ਪੇਨ ਵਿੱਚ ਕਿਹੜੀਆਂ ਆਪਸ਼ਨਜ਼ ਮੌਜੂਦ ਹੁੰਦੀਆਂ ਹਨ?**

ਉ: Fill ਪੇਨ ਵਿੱਚ ਹੇਠ ਲਿਖੀਆਂ ਆਪਸ਼ਨਜ਼ ਮੌਜੂਦ ਹੁੰਦੀਆਂ ਹਨ:

- Solid Fill
- Gradient Fill
- Picture or Texture Fill
- Pattern Fill

## ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਸਲਾਇਡ ਦੀ ਦਿਖ ਨੂੰ ਬਦਲਣ ਦੇ ਵੱਖ-ਵੱਖ ਤਰੀਕਿਆਂ ਦਾ ਵਿਸਥਾਰ ਵਿੱਚ ਵਰਨਣ ਕਰੋ।**

ਉ: ਪਾਵਰਪੁਆਇੰਟ ਵਿੱਚ Design ਟੈਬ ਵਿਚ ਮੌਜੂਦ ਆਪਸ਼ਨਾਂ ਦੀ ਮਦਦ ਨਾਲ ਅਸੀਂ ਸਲਾਈਡਾਂ ਦੀ ਦਿੱਖ ਆਸਾਨੀ ਨਾਲ ਬਦਲ ਸਕਦੇ ਹਾਂ। ਸਲਾਈਡ ਦੀ ਦਿੱਖ ਬਦਲਣ ਦੇ ਕੁੱਝ ਮੁੱਖ ਤਰੀਕੇ ਇਸ ਪ੍ਰਕਾਰ ਹਨ:

- ਥੀਮਜ਼: ਇੱਕ ਥੀਮ ਕਲਰਜ਼, ਫੌਂਟਸ ਅਤੇ ਵਿਜ਼ੁਅਲ ਇਫੈਕਟਸ (visual effects) ਦਾ ਪਹਿਲਾਂ ਤੋਂ ਹੀ ਪਰੀਭਾਸ਼ਿਤ ਇੱਕ ਸਮੂਹ ਹੁੰਦਾ ਹੈ। ਇਹਨਾਂ ਦੀ ਵਰਤੋਂ ਅਸੀਂ ਆਪਣੀਆਂ ਸਲਾਈਡਾਂ ਉੱਪਰ ਇੱਕਸਾਰ ਅਤੇ ਪੇਸ਼ੇਵਰ ਦਿੱਖ ਸੈੱਟ ਕਰਨ ਲਈ ਕਰਦੇ ਹਾਂ।



(Please Visit http://cspunjab.nirmancampus.co.in for more computer science contents)


- **ਬੈਕਗ੍ਰਾਊਂਡ ਸਟਾਈਲ:** ਸਲਾਈਡਾਂ ਉਪਰ ਮੋਜੂਦ ਟੈਕਸਟ, ਚਾਰਟ ਆਦਿ ਪਿੱਛੇ ਰੱਖੀਆਂ ਗਈਆਂ ਤਸਵੀਰਾਂ ਜਾਂ ਡਿਜ਼ਾਈਨ ਐਲੀਮੈਂਟਸ ਨੂੰ ਪਾਵਰਪੁਆਇੰਟ ਬੈਕਗ੍ਰਾਊਂਡਜ਼ ਕਿਹਾ ਜਾਂਦਾ ਹੈ। ਅਸੀਂ ਬੈਕਗ੍ਰਾਊਂਡ ਸਟਾਈਲ (Background styles) ਆਪਸ਼ਨ ਦੀ ਮਦਦ ਨਾਲ ਸਲਾਇਡਜ਼ ਦੇ ਬੈਕਗ੍ਰਾਊਂਡ ਦੀ ਦਿੱਖ ਬਦਲ ਸਕਦੇ ਹਾਂ।




**ਪ੍ਰ:2 ਸਲਾਇਡ ਲੇਅਆਉਟ (Slide Layout) ਕੀ ਹੈ? ਤੁਸੀਂ PowerPoint ਵਿੱਚ ਸਲਾਇਡ ਦੇ ਲੇਅਆਉਟ ਨੂੰ ਕਿਵੇਂ ਬਦਲੋਗੇ?**

ਉ: ਸਲਾਇਡ ਲੇਆਉਟ ਸਲਾਇਡ ਉੱਪਰ ਵੱਖ ਵੱਖ ਤੱਤਾਂ ਦੇ ਡਿਜ਼ਾਇਨ ਅਤੇ ਪਲੇਸਮੈਂਟ (placement) ਨੂੰ ਪ੍ਰਭਾਸ਼ਿਤ ਕਰਦਾ ਹੈ। ਪ੍ਰੈਜ਼ਨਟੇਸ਼ਨ ਵਿੱਚ ਸਲਾਇਡ ਦਾਖਲ ਕਰਨ ਤੋਂ ਬਾਅਦ ਵੀ ਅਸੀਂ ਸਲਾਇਡ ਦਾ ਲੇਅਆਉਟ ਬਦਲ ਸਕਦੇ ਹਾਂ। ਜਿਸਦੇ ਸਟੈਪ ਹੇਠ ਲਿਖੇ ਅਨੁਸਾਰ ਹਨ:


i. ਉਸ ਸਲਾਇਡ ਨੂੰ ਸਿਲੈਕਟ ਕਰੋ ਜਿਸ ਦਾ ਲੇਅਆਉਟ ਅਸੀਂ ਬਦਲਣਾ ਚਾਹੁੰਦੇ ਹਾਂ।
ii. Home ਟੈਬ ਦੇ Slides ਗਰੁੱਪ ਵਿੱਚ ਮੌਜੂਦ Layout ਡਰਾਪ-ਡਾਊਨ ਮੀਨੂੰ ਉੱਪਰ ਕਲਿੱਕ ਕਰੋ।
iii. ਆਪਣੀ ਜਰੂਰਤ ਅਨੁਸਾਰ ਢੁਕਵੇਂ ਲੇਅਆਉਟ ਦੀ ਚੋਣ ਕਰੋ।




**ਪ੍ਰ:3 PowerPoint ਦੀਆਂ ਸਲਾਇਡ ਵਿਊ ਆਪਸ਼ਨਜ਼ ਦਾ ਵਰਨਣ ਕਰੋ।**

ਉ: ਪਾਵਰਪੁਆਇੰਟ ਦੀਆਂ ਸਲਾਇਡ ਵਿਊ ਆਪਸ਼ਨਜ਼ ਦਾ ਵਰਨਣ ਇਸ ਪ੍ਰਕਾਰ ਹੈ:

- **ਨਾਰਮਲ ਵਿਊ (Normal View):** ਇਹ ਡਿਫਾਲਟ (default) ਵਿਊ ਹੈ ਜਿਥੇ ਅਸੀਂ ਆਪਣੀਆਂ ਸਲਾਈਡਾਂ ਬਣਾਉਂਦੇ, ਐਡਿਟ ਕਰਦੇ ਅਤੇ ਡਿਜ਼ਾਈਨ ਕਰਦੇ ਹਾਂ।
- **ਸਲਾਇਡ ਸਾਰਟਰ ਵਿਊ (Slide Sorter View):** ਇਹ ਵਿਊ ਥੰਬਨੇਲ (thumbnail) ਰੂਪ ਵਿੱਚ ਪ੍ਰੈਜ਼ਨਟੇਸ਼ਨ ਸਲਾਈਡਾਂ ਨੂੰ ਦਰਸ਼ਾਉਂਦਾ ਹੈ।
- **ਰੀਡਿੰਗ ਵਿਊ (Reading View):** ਇਹ ਵਿਊ ਸਾਡੀ ਪ੍ਰੈਜ਼ਨਟੇਸ਼ਨ ਦੇ ਪ੍ਰੀਵਿਊ ਨਾਲ ਕੰਪਿਊਟਰ ਸਕ੍ਰੀਨ ਦੇ ਜ਼ਿਆਦਾਤਰ ਹਿੱਸੇ ਨੂੰ ਭਰ ਦਿੰਦਾ ਹੈ।
- **ਸਲਾਇਡ ਸ਼ੋਅ ਵਿਊ (Slide Show View):** ਅਸੀਂ ਆਪਣੀ ਪ੍ਰੈਜ਼ਨਟੇਸ਼ਨ ਨੂੰ ਦਰਸ਼ਕਾਂ ਅੱਗੇ ਪੇਸ਼ ਕਰਨ ਲਈ Slide Show ਵਿਊ ਦੀ ਵਰਤੋਂ ਕਰਦੇ ਹਾਂ।




## ਪਾਠ 6
### ਮਾਈਕਰੋਸਾਫਟ ਪਾਵਰਪੁਆਇੰਟ ਭਾਗ-3

**ਪ੍ਰਸ਼ਨ:1 ਬਹੁਮੰਦੀ ਪ੍ਰਸ਼ਨ:**

1. ________________ ਇੱਕ ਵਿਜ਼ੁਅਲ ਅਤੇ ਮੋਸ਼ਨ (ਗਤੀ) ਪ੍ਰਭਾਵ ਹੁੰਦੇ ਹਨ ਜੋ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜ਼ਨਟੇਸ਼ਨ ਦੇ ਸਲਾਇਡ ਸ਼ੋਅ ਦੌਰਾਨ ਇੱਕ ਸਲਾਇਡ ਤੋਂ ਅਗਲੀ ਸਲਾਇਡ ਤੇ ਜਾਂਦੇ ਹਾਂ।

ੳ) ਸਲਾਇਡ ਟ੍ਰਾਂਜ਼ੀਸ਼ਨ (Slide transition) ਅ) ਐਨੀਮੇਸ਼ਨ (Animation)
ੲ) ਐਨੀਮੇਸ਼ਨ ਸਕੀਮ (Animation Scheme) ਸ) ਸਲਾਇਡ ਸ਼ੋਅ (Slide Show)

2. ਪਾਵਰਪੁਆਇੰਟ ________________ ਕਿਸਮਾਂ ਦੀ ਐਨੀਮੇਸ਼ਨ ਪ੍ਰਦਾਨ ਕਰਦਾ ਹੈ।

ੳ) ਦੋ (Two) ਅ) ਤਿੰਨ (Three) ੲ) ਚਾਰ (Four) ਸ) ਪੰਜ (Five)

3. ਪਵਾਰਪੁਆਇੰਟ ਪਹਿਲਾਂ ਤੋਂ ਪਰਿਭਾਸ਼ਿਤ ਐਨੀਮੇਸ਼ਨ ਇਫੈਕਟਸ ਦਾ ਸਮੂਹ ਪ੍ਰਦਾਨ ਕਰਦਾ ਹੈ, ਜਿਹਨਾਂ ਨੂੰ ______________ ਕਿਹਾ ਜਾਂਦਾ ਹੈ।

ੳ) ਸਲਾਇਡ ਟ੍ਰਾਂਜ਼ੀਸ਼ਨ (Slide transition) ਅ) ਐਨੀਮੇਸ਼ਨ (Animation)
ੲ) ਐਨੀਮੇਸ਼ਨ ਸਕੀਮ (Animation Scheme) ਸ) ਸਲਾਇਡ ਸ਼ੋਅ (Slide Show)

4. PDF ਦਾ ਪੂਰਾ ਨਾਂ ________________ ਹੈ।

ੳ) ਪੋਰਟੇਬਲ ਡਾਟਾ ਫਾਰਮੇਟ (Portable Data Format) ਅ) ਪੋਰਟੇਬਲ ਡਾਕੂਮੈਂਟ ਫਾਰਮ (Portable Document Form)
ੲ) ਪੋਰਟੇਬਲ ਡਾਟਾ ਫਾਰਮ (Portable Data Form) ਸ) ਪੋਰਟੇਬਲ ਡਾਕੂਮੈਂਟ ਫਾਰਮੇਟ (Portable Document Format)

5. ਅਸੀਂ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ ਨੂੰ ਪਾਵਰਪੁਆਇੰਟ ਸ਼ੋਅ (PowerPoint Show) ਵੱਜੋਂ ______ ਐਕਸਟੈਂਸ਼ਨ ਨਾਲ ਸੇਵ ਕਰ ਸਕਦੇ ਹਾਂ।

ੳ) .ppsx ਅ) .ppt ੲ) .pptx ਸ) .pdf



(Please Visit http://cspunjab.nirmancampus.co.in for more computer science contents)

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**


i. __________ ਟੈਬ ਦੀ ਵਰਤੋਂ ਕਰਕੇ ਟ੍ਰਾਂਜ਼ੀਸ਼ਨ ਇਫੈਕਟ ਲਾਗੂ ਕੀਤੇ ਜਾ ਸਕਦੇ ਹਨ।
ii. __________ ਆਪਸ਼ਨ ਸਾਨੂੰ ਟ੍ਰਾਂਜ਼ੀਸ਼ਨ ਇਫੈਕਟ ਦੀ ਸਮਾਂ ਅਵਧੀ ਘਟਾਉਣ ਜਾਂ ਵਧਾਉਣ ਦੀ ਸਹੂਲਤ ਪ੍ਰਦਾਨ ਕਰਦੀ ਹੈ।
iii. __________ ਆਪਸ਼ਨ ਐਨੀਮੇਸ਼ਨ ਇਫੈਕਟ ਨੂੰ ਕਾਪੀ ਕਰਨ ਲਈ ਵਰਤਿਆ ਜਾਂਦਾ ਹੈ।
iv. ਪ੍ਰੈਜ਼ਨਟੇਸ਼ਨ ਫਾਈਲ ਨੂੰ ਕਿਸੇ ਹੋਰ ਫਾਰਮੇਟ ਵਿਚ ਸੇਵ ਕਰਨ ਲਈ __________ ਆਪਸ਼ਨ ਵਰਤੀ ਜਾਂਦੀ ਹੈ।

**ਉੱਤਰ:** I. ਟ੍ਰਾਂਜ਼ੀਸ਼ਨਜ਼ (Transitions) II. ਡਿਊਰੇਸ਼ਨ (Duration)
III. ਐਨੀਮੇਸ਼ਨ ਪੇਂਟਰ (Animation Painter) IV. ਸੇਵ ਐਜ਼ (Save As...)

**ਪ੍ਰਸ਼ਨ:3 ਛੋਟੇ ਉੱਤਰਾਂ ਵਾਲੇ ਪ੍ਰਸ਼ਨ**


**ਪ੍ਰ:1 ਸਲਾਇਡ ਟ੍ਰਾਂਜ਼ੀਸ਼ਨ (Slide Transition) ਕੀ ਹੈ?**

ਉ: ਸਲਾਇਡ ਟ੍ਰਾਂਜ਼ੀਸ਼ਨ ਵਿਜ਼ੁਅਲ ਅਤੇ ਮੋਸ਼ਨ (ਗਤੀ) ਇਫੈਕਟਸ ਹੁੰਦੇ ਹਨ। ਇਹ ਇਫੈਕਟਸ ਸਾਨੂੰ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜ਼ਨਟੇਸ਼ਨ ਦੇ ਸਲਾਇਡ ਸ਼ੋਅ ਦੌਰਾਨ ਇੱਕ ਸਲਾਇਡ ਤੋਂ ਅਗਲੀ ਸਲਾਇਡ ਤੇ ਜਾਂਦੇ ਹਾਂ। ਪ੍ਰੈਜ਼ਨਟੇਸ਼ਨ ਵਿੱਚ ਟ੍ਰਾਂਜ਼ੀਸ਼ਨ ਇਫੈਕਟਸ ਲਾਗੂ ਕਰਨ ਲਈ Transitions ਟੈਬ ਦੀ ਵਰਤੋਂ ਕਰਦੇ ਹਾਂ।




**ਪ੍ਰ:2 ਐਨੀਮੇਸ਼ਨ (Animation) ਕੀ ਹੁੰਦੀ ਹੈ?**

ਉ: ਐਨੀਮੇਸ਼ਨ ਵਿਜ਼ੁਅਲ ਇਫੈਕਟਸ (visual effects) ਹੁੰਦੇ ਹਨ। ਇਹ ਇਫੈਕਟਸ ਪ੍ਰੈਜ਼ਨਟੇਸ਼ਨ ਵਿੱਚਲੇ ਆਬਜੈਕਟਸ ਉੱਪਰ ਮੂਵਮੈਂਟ (ਗਤੀ) ਨੂੰ ਦਰਸ਼ਾਉਂਦੇ ਹਨ। ਇਹ ਸਲਾਇਡ ਆਬਜੈਕਟ ਕੁਝ ਵੀ ਹੋ ਸਕਦੇ ਹਨ, ਜਿਵੇਂ ਕਿ: ਟੈਕਸਟ, ਤਸਵੀਰਾਂ, ਚਾਰਟਸ, ਸ਼ੇਪਸ ਆਦਿ। ਪ੍ਰੈਜ਼ਨਟੇਸ਼ਨ ਵਿੱਚ ਐਨੀਮੇਸ਼ਨ ਇਫੈਕਟਸ ਨੂੰ ਲਾਗੂ ਕਰਨ ਲਈ Animation ਟੈਬ ਦੀ ਵਰਤੋਂ ਕਰਦੇ ਹਾਂ।





**ਪ੍ਰ:3 ਪਾਵਰਪੁਆਇੰਟ ਵਿੱਚ ਐਨੀਮੇਸ਼ਨ ਸਕੀਮਜ਼ (Animation Schemes) ਕੀ ਹੁੰਦੀਆਂ ਹਨ?**

ਉ: ਪਾਵਰਪੁਆਇੰਟ ਪਹਿਲਾਂ ਤੋਂ ਪਰਿਭਾਸ਼ਿਤ ਐਨੀਮੇਸ਼ਨ ਇਫੈਕਟਸ ਦਾ ਇੱਕ ਸੰਗ੍ਰਹਿ ਪ੍ਰਦਾਨ ਕਰਦਾ ਹੈ। ਐਨੀਮੇਸ਼ਨ ਇਫੈਕਟਸ ਦੇ ਇਸ ਸੰਗ੍ਰਹਿ ਨੂੰ ਐਨੀਮੇਸ਼ਨ ਸਕੀਮਜ਼ (Animation Schemes) ਕਿਹਾ ਜਾਂਦਾ ਹੈ। ਪ੍ਰੈਜ਼ਨਟੇਸ਼ਨ ਵਿੱਚ ਐਨੀਮੇਸ਼ਨ ਸਕੀਮਜ਼ ਨੂੰ ਲਾਗੂ ਕਰਨ ਲਈ Animation ਟੈਬ ਦੀ ਵਰਤੋਂ ਕਰਦੇ ਹਾਂ।

**ਪ੍ਰ:4 ਤੁਸੀਂ ਪਾਵਰਪੁਆਇੰਟ ਵਿੱਚ ਐਨੀਮੇਸ਼ਨਜ਼ ਦਾ ਪ੍ਰੀਵਿਊ (Preview) ਕਿਵੇਂ ਦੇਖੋਗੇ?**

ਉ: ਐਨੀਮੇਸ਼ਨ ਇਫੈਕਟਸ ਦਾ ਪ੍ਰੀਵਿਊ (preview) ਦੇਖਣ ਦੇ ਸਟੈਪ ਇਸ ਪ੍ਰਕਾਰ ਹਨ:


- Animation ਟੈਬ ਦੇ ਖੱਬੇ ਪਾਸੇ Preview ਬਟਨ ਉਪਰ ਕਲਿੱਕ ਕਰੋ।
- ਮੌਜੂਦਾ ਸਲਾਇਡ ਲਈ ਐਨੀਮੇਸ਼ਨ ਇਫੈਕਟਸ Play ਹੋਣੇ ਸ਼ੁਰੂ ਹੋ ਜਾਣਗੇ।




**ਪ੍ਰ:5 ਪਾਵਰਪੁਆਇੰਟ ਵਿੱਚ ਮੌਜੂਦ 4 ਕਿਸਮਾਂ ਦੀਆਂ ਐਨੀਮੇਸ਼ਨਜ਼ ਦੇ ਨਾਂ ਲਿਖੋ।**

ਉ: ਪਾਵਰਪੁਆਇੰਟ ਚਾਰ ਕਿਸਮਾਂ ਦੇ ਐਨੀਮੇਸ਼ਨ ਪ੍ਰਦਾਨ ਕਰਦਾ ਹੈ ਜੋ ਕਿ ਹੇਠ ਲਿਖੇ ਹਨ:

- ਐਂਟਰੈਂਸ (Entrance)
- ਐਮਫੇਸਿਸ (Emphasis)
- ਐਗਜ਼ਿਟ (Exit)
- ਮੋਸ਼ਨ ਪਾਥਸ (Motion Paths)




**ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਐਨੀਮੇਸ਼ਨ (Animation) ਕੀ ਹੈ? ਪਾਵਰਪੁਆਇੰਟ ਵਿੱਚ ਇਹ ਕਿੰਨ੍ਹੀ ਕਿਸਮ ਦੀ ਹੁੰਦੀ ਹੈ?**

ਉ: ਐਨੀਮੇਸ਼ਨ ਵਿਜ਼ੁਅਲ ਇਫੈਕਟਸ (visual effects) ਹੁੰਦੇ ਹਨ ਜੋ ਪ੍ਰੈਜ਼ਨਟੇਸ਼ਨ ਵਿੱਚਲੀਆਂ ਚੀਜ਼ਾਂ (ਪ੍ਰੈਜ਼ਨਟੇਸ਼ਨ ਉੱਪਰ) ਉੱਤੇ ਮੂਵਮੈਂਟ (ਗਤੀ) ਨੂੰ ਦਰਸ਼ਾਉਂਦੇ ਹਨ। ਇਹ ਸਲਾਇਡ ਆਬਜੈਕਟ ਕੁਝ ਵੀ ਹੋ ਸਕਦੇ ਹਨ ਜਿਵੇਂ ਕਿ: ਟੈਕਸਟ, ਤਸਵੀਰਾਂ, ਚਾਰਟਸ, ਸਮਾਰਟ ਆਰਟ ਗ੍ਰਾਫਿਕਸ, ਸ਼ੇਪਸ, ਵੀਡੀਓ ਕਲਿੱਪਸ ਆਦਿ। ਪ੍ਰੈਜ਼ਨਟੇਸ਼ਨ ਵਿੱਚ ਐਨੀਮੇਸ਼ਨ ਇਫੈਕਟਸ ਨੂੰ ਲਾਗੂ ਕਰਨ ਲਈ Animation ਟੈਬ ਦੀ ਵਰਤੋਂ ਕਰਦੇ ਹਾਂ। ਪਾਵਰਪੁਆਇੰਟ ਚਾਰ ਕਿਸਮਾਂ ਦੇ ਐਨੀਮੇਸ਼ਨ ਪ੍ਰਦਾਨ ਕਰਦਾ ਹੈ ਜੋ ਕਿ ਹੇਠ ਲਿਖੇ ਹਨ:


- ਐਂਟਰੈਂਸ (Entrance)
- ਐਮਫੇਸਿਸ (Emphasis)
- ਐਗਜ਼ਿਟ (Exit)
- ਮੋਸ਼ਨ ਪਾਥਸ (Motion Paths)


(Please Visit http://cspunjab.nirmancampus.co.in for more computer science contents)

**ਪ੍ਰ:2 ਤੁਸੀਂ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ ਨੂੰ PDF ਫਾਰਮੇਟ ਵਿੱਚ ਕਿਵੇਂ ਸੇਵ ਕਰੋਗੇ?**

ਉ: PDF ਫਾਰਮੇਟ ਵਿੱਚ ਪ੍ਰੈਜ਼ਨਟੇਸ਼ਨ ਨੂੰ ਸੇਵ ਕਰਨ ਦੇ ਸਟੈਪਸ ਹੇਠਾਂ ਦਿਤੇ ਗਏ ਹਨ:


1. File ਟੈਬ ਉੱਪਰ ਕਲਿੱਕ ਕਰੋ।
2. Save As ਆਪਸ਼ਨ ਉੱਪਰ ਕਲਿੱਕ ਕਰੋ।
3. ਫਾਈਲ ਦਾ ਨਾਮ ਅਤੇ ਉਸਨੂੰ ਸੇਵ ਕਰਨ ਦੀ ਲੋਕੇਸ਼ਨ (location) ਸੈਟ ਕਰੋ।
4. Save as type ਡਰਾਪ-ਡਾਊਨ ਲਿਸਟ ਵਿਚੋਂ PDF (*pdf) ਫਾਰਮੇਟ ਦੀ ਚੋਣ ਕਰੋ।
5. Save ਬਟਨ ਉੱਪਰ ਕਲਿੱਕ ਕਰਕੇ PDF ਫਾਈਲ ਤਿਆਰ ਕਰੋ।




**ਪ੍ਰ:3 ਪਾਵਰਪੁਆਇੰਟ ਵਿੱਚ Slide Transition ਕਿਵੇਂ ਲਾਗੂ ਕੀਤਾ ਜਾਂਦਾ ਹੈ?**

ਉ: ਸਲਾਇਡ ਟ੍ਰਾਂਜ਼ੀਸ਼ਨ ਵਿਜ਼ੂਅਲ ਅਤੇ ਮੋਸ਼ਨ (ਗਤੀ) ਇਫੈਕਟਸ ਹੁੰਦੇ ਹਨ। ਇਹ ਇਫੈਕਟਸ ਸਾਨੂੰ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜ਼ਨਟੇਸ਼ਨ ਦੇ ਸਲਾਇਡ ਸ਼ੋਅ ਦੌਰਾਨ ਇੱਕ ਸਲਾਇਡ ਤੋਂ ਅਗਲੀ ਸਲਾਇਡ ਤੇ ਜਾਂਦੇ ਹਾਂ। ਪ੍ਰੈਜ਼ਨਟੇਸ਼ਨ ਵਿੱਚ ਟ੍ਰਾਂਜ਼ੀਸ਼ਨ ਇਫੈਕਟਸ ਲਾਗੂ ਕਰਨ ਲਈ ਹੇਠ ਦਿੱਤੇ ਸਟੈਪਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ:

1. Transitions ਟੈਬ ਉੱਪਰ ਕਲਿੱਕ ਕਰੋ।
2. "Transition to This Slide" ਗਰੁੱਪ ਵਿਚੋਂ ਇੱਛਾ ਅਨੁਸਾਰ ਟ੍ਰਾਜ਼ੀਸ਼ਨ ਇਫੈਕਟ ਦੀ ਚੋਣ ਕਰੋ।
3. ਜਰੂਰਤ ਅਨੁਸਾਰ ਹੋਰ ਆਪਸ਼ਨਾਂ, ਜਿਵੇਂ ਕਿ: Sound, Duration ਆਦਿ ਸੈਟ ਕਰੋ।
4. ਸਾਰੀਆਂ ਸਲਾਇਡਜ਼ ਉੱਪਰ ਇਕੋ ਜਿਹੀ ਟ੍ਰਾਂਜ਼ੀਸਨ ਲਾਗੂ ਕਰਨ ਲਈ "Apply To All" ਆਪਸ਼ਨ ਤੇ ਕਲਿੱਕ ਕਰੋ।




## ਪਾਠ 7
## ਕੰਪਿਊਟਰਜ਼ ਦੀਆਂ ਜੈਨਰੇਸ਼ਨਜ਼

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

**1. ਦੂਜੀ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ____________ ਨੂੰ ਮੁੱਢਲੇ ਪ੍ਰੋਸੈਸਿੰਗ ਭਾਗਾਂ ਵੱਜੋਂ ਵਰਤਿਆ ਗਿਆ।**

ੳ. ਵੈਕਿਊਮ ਟਿਊਬਾਂ   ਅ. VLSI ਸਰਕਟਸ   ੲ. ULSI ਸਰਕਟਸ   ਸ. ਟ੍ਰਾਂਜ਼ੀਸਟਰਜ਼

**2. ਕੰਪਿਊਟਰਾਂ ਦੀ ______________ ਜੈਨਰੇਸ਼ਨ VLSI ਸਰਕਟਾਂ ਦੀ ਵਰਤੋਂ ਕਰਦੀ ਹੈ।**

ੳ. ਪਹਿਲੀ   ਅ. ਦੂਜੀ   ੲ. ਤੀਜੀ   ਸ. ਚੌਥੀ

**3. ਤੀਜੀ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ਟ੍ਰਾਂਜ਼ੀਸਟਰਾਂ ਦੀ ਜਗ੍ਹਾ __________ ਵਰਤੇ ਜਾਂਦੇ ਸਨ।**

ੳ. ਇੰਟੀਗ੍ਰੇਟਿਡ ਸਰਕਟਸ   ਅ. ਵੈਕਿਊਮ ਟਿਊਬਾਂ   ੲ. ULSI ਸਰਕਟਸ   ਸ. VLSI ਸਰਕਟਸ

**4. _________ ਕੰਪਿਊਟਰ ਸਾਇੰਸ ਦੀ ਇੱਕ ਨਵੀਂ ਬ੍ਰਾਂਚ ਹੈ ਜੋ ਕਿ ਕੰਪਿਊਟਰ ਨੂੰ ਮਨੁੱਖਾਂ ਵਾਂਗ ਸੋਚਣ ਅਤੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ।**

ੳ. ਰੋਬੋਟਿਕਸ (Robotics)   ਅ. ULSI ਸਰਕਟਸ   ੲ. AI (ਆਰਟੀਫਿਸ਼ੀਅਲ ਇੰਟੈਲੀਜੈਂਸ)   ਸ. ਇੰਟਿਗ੍ਰੇਟਿਡ ਸਰਕਟਸ (ICs)

**5. ULSI ਟੈਕਨੋਲੋਜੀ ਦੀ ਵਰਤੋਂ ___________ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ਕੀਤੀ ਜਾਂਦੀ ਹੈ।**

ੳ. ਦੂਜੀ   ਅ. ਤੀਜੀ   ੲ. ਚੌਥੀ   ਸ. ਪੰਜਵੀਂ

**ਪ੍ਰਸ਼ਨ:2 ਪੂਰੇ ਰੂਪ ਲਿਖੋ:**


| | | | |
|---|---|---|---|
| i. | ENIAC | : | ਇਲੈਕਟ੍ਰੋਨਿੱਕ ਨੁਮੇਰੀਕਲ ਇੰਟੀਗ੍ਰੇਟਰ ਐਂਡ ਕੰਪਿਊਟਰ |
| ii. | IBM | : | ਇੰਟਰਨੈਸ਼ਨਲ ਬਿਜ਼ਨਸ ਮਸ਼ੀਨ |
| iii. | IC | : | ਇੰਟੀਗ੍ਰੇਟਿਡ ਸਰਕਟ |
| iv. | VLSI | : | ਵੇਰੀ-ਲਾਰਜ ਸਕੇਲ ਇੰਟੀਗ੍ਰੇਸ਼ਨ |
| v. | ULSI | : | ਅਲਟਰਾ-ਲਾਰਜ ਸਕੇਲ ਇੰਟੀਗ੍ਰੇਸ਼ਨ |
| vi. | AI | : | ਆਰਟੀਫੀਸ਼ੀਅਲ ਇੰਟੇਲੀਜੇਂਸ |

**ਪ੍ਰਸ਼ਨ:3 ਛੋਟੇ ਉੱਤਰਾਂ ਵਾਲੇ ਪ੍ਰਸ਼ਨ**


**ਪ੍ਰ:1 ਪਹਿਲੀ ਜੈਨਰੇਸ਼ਨ ਦੇ ਕੰਪਿਊਟਰਾਂ ਦੀਆਂ ਵਿਸ਼ੇਸ਼ਤਾਵਾਂ ਲਿਖੋ।**

ਉ: ਪਹਿਲੀ ਜੈਨਰੇਸ਼ਨ ਦੇ ਕੰਪਿਊਟਰਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

- ਵੈਕਿਊਮ ਟਿਊਬਾਂ (Vaccume Tubes) ਨੂੰ ਮੁਢਲੇ ਪ੍ਰੋਸੈਸਿੰਗ ਭਾਗਾਂ ਵਜੋਂ ਵਰਤਿਆ ਜਾਂਦਾ ਸੀ।
- ਇਸ ਜੈਨਰੇਸ਼ਨ ਦੇ ਕੰਪਿਊਟਰਾਂ ਮਸ਼ੀਨ ਅਤੇ ਅਸੈਂਬਲੀ ਭਾਸ਼ਾਵਾਂ ਦੀ ਵਰਤੋਂ ਕੀਤੀ ਜਾਂਦਾ ਸੀ।
- ਇਸ ਜੈਨਰੇਸ਼ਨ ਦੇ ਕੰਪਿਊਟਰਾਂ ਦਾ ਆਕਾਰ ਬਹੁਤ ਵੱਡੇ ਹੁੰਦੇ ਸਨ।
- ਇਹ ਬਹੁਤ ਜਿਆਦਾ ਗਰਮੀ ਪੈਦਾ ਕਰਦੇ ਸਨ।
- ਇਹ ਬਹੁਤ ਮਹਿੰਗੇ ਅਤੇ ਇਸਤੇਮਾਲ ਕਰਨ ਵਿੱਚ ਮੁਸ਼ਕਿਲ ਹੁੰਦੇ ਸਨ।


ਵੈਕਿਊਮ ਟਿਊਬ


**ਪ੍ਰ:2 ਦੂਜੀ ਜੈਨਰੇਸ਼ਨ ਦੇ ਕੰਪਿਊਟਰਾਂ ਲਈ ਕਿਹੜੀ ਟੈਕਨੋਲੋਜੀ ਦੀ ਵਰਤੋਂ ਕੀਤੀ ਜਾਂਦੀ ਸੀ?**
ਉ: ਇਸ ਜੈਨਰੇਸ਼ਨ ਦੇ ਕੰਪਿਊਟਰਾਂ ਵਿਚ ਹੇਠਾਂ ਲਿਖੀਆਂ ਟੈਕਨੋਲੋਜੀਆਂ ਦੀ ਵਰਤੋਂ ਕੀਤੀ ਗਈ:
- ਟ੍ਰਾਂਜੀਸਟਰਜ਼ (Transistors) ਨੂੰ ਮੁੱਢਲੇ ਪ੍ਰੋਸੈਸਿੰਗ ਭਾਗਾਂ ਵੱਜੋਂ ਵਰਤਿਆ ਵਰਤਿਆ ਜਾਂਦਾ ਸੀ।
- ਮੈਗਨੇਟਿੱਕ ਕੋਰ ਨੂੰ ਪ੍ਰਾਇਮਰੀ ਮੈਮੋਰੀ ਵੱਜੋਂ ਵਰਤਿਆ ਜਾਂਦਾ ਸੀ।
- ਮੈਗਨੇਟਿੱਕ ਟੇਪ ਅਤੇ ਡਿਸਕਾਂ ਨੂੰ ਸੈਕੰਡਰੀ ਸਟੋਰੇਜ ਡਿਵਾਈਸਾਂ ਵਜੋਂ ਵਰਤਿਆ ਜਾਂਦਾ ਸੀ।


ਟ੍ਰਾਂਜੀਸਟਰ

**ਪ੍ਰ:3 IC ਕੀ ਹੈ?**
ਉ: IC ਦਾ ਪੂਰਾ ਨਾਂ ਇੰਟੀਗ੍ਰੇਟਿਡ ਸਰਕਟ (Integrated Circuits) ਹੁੰਦਾ ਹੈ। ਇੱਕ ਇੱਕਲੇ IC ਵਿੱਚ ਕਈ ਟ੍ਰਾਂਜੀਸਟਰ, ਰਜੀਸਟਰ ਅਤੇ ਕਪੈਸਟਰ (capacitor) ਮੌਜੂਦ ਹੁੰਦੇ ਸਨ। IC ਦੀ ਖੋਜ ਜੈਕ ਕਿਲਬੀ ਦੁਆਰਾ ਕੀਤੀ ਗਈ ਸੀ। ਇਹਨਾਂ ਸਰਕਟਾਂ ਦੀ ਵਰਤੋਂ ਤੀਜੀ ਜੈਨਰੇਸ਼ਨ ਦੇ ਕੰਪਿਊਟਰਾਂ ਨੂੰ ਬਨਾਉਣ ਵਿਚ ਕੀਤੀ ਗਈ ਸੀ।


IC-ਇੰਟੀਗ੍ਰੇਟਿਡ ਸਰਕਟ

**ਪ੍ਰ:4 ਚੌਥੀ ਜੈਨਰੇਸ਼ਨ ਦੇ ਕੰਪਿਊਟਰਾਂ ਸੰਬੰਧੀ ਲਿਖੋ।**
ਉ: ਚੌਥੀ ਜੈਨਰੇਸ਼ਨ ਦੇ ਕੰਪਿਊਟਰਾਂ ਦਾ ਸਮਾਂ 1975 ਤੋਂ 1989 ਤੱਕ ਦਾ ਸੀ। ਇਸ ਜੈਨਰੇਸ਼ਨ ਦੇ ਕੰਪਿਊਟਰ VLSI ਸਰਕਟਾਂ ਦੀ ਵਰਤੋਂ ਕਰਦੇ ਸਨ। ਇਹਨਾਂ ਸਰਕਟਾਂ ਕਾਰਣ ਚੌਥੀ ਜੈਨਰੇਸ਼ਨ ਦੇ ਮਾਈਕਰੋ-ਕੰਪਿਊਟਰ ਬਨਣੇ ਸੰਭਵ ਹੋ ਸਕੇ। ਇਸ ਜੈਨਰੇਸ਼ਨ ਦੇ ਕੰਪਿਊਟਰ ਬਹੁਤ ਸ਼ਕਤੀਸ਼ਾਲੀ, ਛੋਟੇ, ਅਤੇ ਭਰੋਸੇਯੋਗ ਹੁੰਦੇ ਸਨ।


VLSI ਚਿੱਪ

**ਪ੍ਰ:5 AI ਕੀ ਹੈ? AI ਦੇ ਮਹੱਤਵਪੂਰਣ ਖੇਤਰਾਂ ਦੇ ਨਾਂ ਲਿਖੋ।**
ਉ: AI ਦਾ ਪੂਰਾ ਨਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਹੈ। ਇਹ ਕੰਪਿਊਟਰ ਸਾਇੰਸ ਦੀ ਇੱਕ ਨਵੀਂ ਬ੍ਰਾਂਚ ਹੈ ਜੋ ਕਿ ਕੰਪਿਊਟਰ ਨੂੰ ਮਨੁੱਖਾਂ ਵਾਂਗ ਸੋਚਣ ਅਤੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ। AI ਵਿੱਚ ਹੇਠ ਲਿਖੇ ਕੁੱਝ ਮਹਤੱਵਪੂਰਣ ਖੇਤਰ ਸ਼ਾਮਲ ਹਨ:
- ਰੋਬੋਟਿਕਸ
- ਗੇਮ ਪਲੇਇੰਗ
- ਐਕਸਪਰਟ ਸਿਸਟਮ
- ਆਮ ਮਨੁਖੀ ਭਾਸ਼ਾਵਾਂ ਨੂੰ ਸਮਝਣ ਅਤੇ ਬੋਲਣ ਵਾਲੇ ਸਿਸਟਮ




**ਪ੍ਰ:6 ਪਹਿਲੀ ਜੈਨਰੇਸ਼ਨ ਦੇ ਕੰਪਿਊਟਰਾਂ ਦੇ ਨਾਂ ਲਿਖੋ।**
ਉ: ਪਹਿਲੀ ਜੈਨਰੇਸ਼ਨ ਦੇ ਕੁੱਖ ਮੁੱਖ ਕੰਪਿਊਟਰਾਂ ਦੇ ਨਾਂ ਇਸ ਪ੍ਰਕਾਰ ਹਨ:
- ENIAC
- EDVAC
- EDSAC
- UNIVAC I
- IBM 701

**ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਕੰਪਿਊਟਰਾਂ ਦੀਆਂ ਜੈਨਰੇਸ਼ਨਾਂ ਤੋਂ ਤੁਹਾਡਾ ਕੀ ਭਾਵ ਹੈ? ਉਹਨਾਂ ਨੂੰ ਕਿਵੇਂ ਵੰਡਿਆ ਜਾਂਦਾ ਹੈ?**
ਉ: ਕੰਪਿਊਟਰਾਂ ਦੀ ਤਕਨੀਕੀ ਸ਼ਬਦਾਵਲੀ ਵਿੱਚ ਜੈਨਰੇਸ਼ਨ ਤੋਂ ਭਾਵ ਹੈ ਕੰਪਿਊਟਰ ਦੀ ਟੈਕਨੋਲੋਜੀ ਵਿੱਚ ਬਦਲਾਵ। ਅੱਜ ਤੱਕ ਕੰਪਿਊਟਰਾਂ ਨੂੰ ਕੁੱਲ ਪੰਜ ਜੈਨਰੇਸ਼ਨਾਂ ਵਿੱਚ ਵੰਡਿਆ ਗਿਆ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ:
- ਪਹਿਲੀ ਜੈਨਰੇਸ਼ਨ ਦੇ ਕੰਪਿਊਟਰ (1942-1955)
- ਦੂਜੀ ਜੈਨਰੇਸ਼ਨ ਦੇ ਕੰਪਿਊਟਰ (1955-1964)
- ਤੀਜੀ ਜੈਨਰੇਸ਼ਨ ਦੇ ਕੰਪਿਊਟਰ (1964-1975)
- ਚੌਥੀ ਜੈਨਰੇਸ਼ਨ ਦੇ ਕੰਪਿਊਟਰ (1975-1989)
- ਪੰਜਵੀਂ ਜੈਨਰੇਸ਼ਨ ਦੇ ਕੰਪਿਊਟਰ (1989 - ਹੁਣ ਤੱਕ)

**ਪ੍ਰ:2 ਪੰਜਵੀ ਜੈਨਰੇਸ਼ਨ ਦੇ ਕੰਪਿਊਟਰਾਂ ਦੀ ਵਿਆਖਿਆ ਕਰੋ।**
ਉ: 1989 ਤੋਂ ਹੁਣ ਤੱਕ ਦੇ ਕੰਪਿਊਟਰ ਪੰਜਵੀਂ ਜੈਨਰੇਸ਼ਨ ਦੇ ਕੰਪਿਊਟਰ ਹਨ। ਪੰਜਵੀਂ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ULSI (Ultra Large-Scale Integration) ਟੈਕਨੋਲੋਜੀ ਦੀ ਵਰਤੋਂ ਕੀਤੀ ਗਈ। ਇਹਨਾਂ ULSI ਮਾਈਕ੍ਰੋਪ੍ਰੋਸੈਸਰ ਚਿਪਾਂ ਵਿੱਚ ਦਸ ਮਿਲਿਅਨ ਇਲੈਕਟ੍ਰੋਨਿਕ ਪੁਰਜੇ ਲੱਗੇ ਹੁੰਦੇ ਹਨ। ਇਹ ਜੈਨਰੇਸ਼ਨ ਪੈਰਲਲ ਪ੍ਰੋਸੈਸਿੰਗ ਹਾਰਡਵੇਅਰ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ (AI) ਸਾਫਟਵੇਅਰ ਦੇ ਆਧਾਰ ਤੇ ਕੰਮ ਕਰਦੀ ਹੈ। ਸਾਰੀਆਂ ਹਾਈ ਲੇਵਲ ਭਾਸ਼ਾਵਾਂ ਜਿਵੇਂ ਕਿ: C, C++, Java, .Net, ਆਦਿ ਇਸ ਜੈਨਰੇਸ਼ਨ ਵਿੱਚ ਵਰਤੀਆਂ ਜਾਂਦੀਆਂ ਹਨ।


ULSI ਚਿੱਪ

## ਪਾਠ 8
## ਕੰਪਿਊਟਰ ਮੈਮਰੀਜ਼

**ਪ੍ਰ:1 ਬਹੁਪਸੰਦੀ ਪ੍ਰਸ਼ਨ:**

1. _______ ਬਿਟਸ ਦੇ ਸਮੂਹ ਨੂੰ ਬਾਈਟ (byte) ਕਿਹਾ ਜਾਂਦਾ ਹੈ।

ੳ) 8    ਅ) 16    ੲ) 32    ਸ) 64

2. ਇੱਕ ਬਿਟ ਜਾਂ ਬਾਈਨਰੀ ਡਿਜ਼ੀਟ ਨੂੰ ਲਾਜੀਕਲ _____ ਅਤੇ ______ ਨਾਲ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।

ੳ) 0,1    ਅ) 0,0    ੲ) 1,2    ਸ) 1,1

3. ਰੈਮ (RAM) ਦਾ ਅਰਥ ਹੈ _________

ੳ) ਰੀਡ ਐਕਸੈਸ ਮੈਮਰੀ    ਅ) ਰੈਂਡਮ ਐਕਸੈਸ ਮੈਮਰੀ    ੲ) ਉਪਰੋਕਤ ਦੋਵੇਂ    ਸ) ਇਹਨਾਂ ਵਿਚੋਂ ਕੋਈ ਨਹੀਂ

4. ਰੋਮ (ROM) ਦਾ ਅਰਥ ਹੈ ________

ੳ) ਰੀਡ ਓਨਲੀ ਮੈਮਰੀ    ਅ) ਰੈਂਡਮ ਓਨਲੀ ਮੈਮਰੀ    ੲ) ਰੀਡ ਓਪਨ ਮੈਮਰੀ    ਸ) ਇਹਨਾਂ ਵਿਚੋਂ ਕੋਈ ਨਹੀਂ

5. ਡਿਸਕ ਦਾ ਹਰੇਕ ਟਰੈਕ ਛੋਟੇ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਜਿਹਨਾਂ ਨੂੰ ___ ਵਜੋਂ ਜਾਣਿਆ ਜਾਂਦਾ ਹੈ।

ੳ) ਸੈਕਟਰਜ਼ (Sectors)    ਅ) ਖੇਤਰ (Area)    ੲ) ਸੈਲ (Cell)    ਸ) ਟੇਪ (Tape)

**ਪ੍ਰ:2 ਹੇਠ ਲਿਖਿਆਂ ਦੇ ਪੂਰੇ ਰੂਪ ਲਿਖੋ:**

1. MB : ਮੇਗਾਬਾਈਟ
2. GB : ਗੀਗਾਬਾਈਟ
3. SRAM : ਸਟੈਟਿੱਕ ਰੈਂਡਮ-ਐਕਸੈਸ ਮੈਮਰੀ
4. PROM : ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ
5. IR : ਇੰਸਟ੍ਰਕਸ਼ਨ ਰਜ਼ੀਸਟਰ

**ਪ੍ਰ: 3 ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰ:1 ਮੈਮਰੀ ਕੀ ਹੈ?**

ਉ: ਕੰਪਿਊਟਰ ਦੀ ਮੈਮਰੀ ਮਨੁੱਖੀ ਦਿਮਾਗ ਦੀ ਤਰ੍ਹਾਂ ਹੁੰਦੀ ਹੈ। ਇਹ ਕੰਪਿਊਟਰ ਦਾ ਇੱਕ ਅਜਿਹਾ ਸਟੋਰੇਜ਼ ਖੇਤਰ ਹੁੰਦਾ ਹੈ ਜਿਸ ਵਿੱਚ ਡਾਟਾ ਅਤੇ ਹਦਾਇਤਾਂ ਨੂੰ ਸਟੋਰ ਕਰਕੇ ਰੱਖਿਆ ਜਾਂਦਾ ਹੈ। ਕੰਪਿਊਟਰ ਮੈਮਰੀ ਬਹੁਤ ਸਾਰੇ ਛੋਟੇ ਹਿੱਸਿਆਂ ਵਿੱਚ ਵੰਡੀ ਹੁੰਦੀ ਹੈ, ਜਿਨ੍ਹਾਂ ਨੂੰ ਸੈੱਲ ਕਿਹਾ ਜਾਂਦਾ ਹੈ। ਹਰੇਕ ਸੈਲ ਦਾ ਇੱਕ ਵੱਖਰਾ ਮੈਮਰੀ ਐਡਰੈਸ ਹੁੰਦਾ ਹੈ।

**ਪ੍ਰ:2 ਵੱਖ-ਵੱਖ ਕਿਸਮਾਂ ਦੀਆਂ ਮੈਮਰੀਜ਼ ਦੇ ਨਾਂ ਲਿਖੋ।**

ਉ: ਮੈਮਰੀ ਨੂੰ ਦੋ ਮੁੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

- ਅੰਦਰੂਨੀ ਮੈਮਰੀ (Internal Memory)
- ਬਾਹਰੀ ਮੈਮਰੀ (External Memory)


**ਪ੍ਰ:3 ਪ੍ਰਾਈਮਰੀ ਮੈਮਰੀ ਕੀ ਹੈ?**

ਉ: ਪ੍ਰਾਈਮਰੀ ਮੈਮਰੀ ਅੰਦਰੂਨੀ ਮੈਮਰੀ ਹੁੰਦੀ ਹੈ। ਇਸ ਮੈਮਰੀ ਨੂੰ ਮੁੱਖ ਮੈਮਰੀ ਵੀ ਕਿਹਾ ਜਾਂਦਾ ਹੈ। ਪ੍ਰਾਇਮਰੀ ਮੈਮੋਰੀ ਤੱਕ CPU ਦੀ ਸਿੱਧੀ ਪਹੁੰਚ ਹੁੰਦੀ ਹੈ। ਕੰਪਿਊਟਰ ਇਸ ਮੈਮਰੀ ਤੋਂ ਬਿਨ੍ਹਾਂ ਸਟਾਰਟ ਨਹੀਂ ਹੋ ਸਕਦਾ। ਪ੍ਰਾਈਮਰੀ ਮੈਮਰੀ ਨੂੰ ਦੋ ਮੁੱਖ ਸ਼੍ਰੇਣੀਆ ਰੈਮ (RAM) ਅਤੇ ਰੋਮ (ROM) ਵਿੱਚ ਵੰਡਿਆ ਜਾ ਸਕਦਾ ਹੈ। CPU ਬਹੁਤ ਤੇਜੀ ਨਾਲ ਇਹਨਾਂ ਮੈਮੋਰੀਜ਼ ਵਿਚੋਂ ਡਾਟਾ ਨੂੰ ਪੜ੍ਹ ਸਕਦਾ ਹੈ।

**ਪ੍ਰ:4 ਰੋਮ (ROM) ਦੀਆਂ ਵੱਖ-ਵੱਖ ਕਿਸਮਾਂ ਦੇ ਨਾਂ ਲਿਖੋ।**

ਉ: ROM ਦਾ ਪੂਰਾ ਨਾਂ ਰੀਡ ਓਨਲੀ ਮੈਮਰੀ ਹੈ। ਇਸ ਦੀਆਂ ਵੱਖ-ਵੱਖ ਕਿਸਮਾਂ ਦੇ ਨਾਂ ਇਸ ਪ੍ਰਕਾਰ ਹਨ:

- MROM (ਮਾਸਕਡ ਰੋਮ)
- PROM (ਪ੍ਰੋਗਰਾਮੇਬਲ ਰੋਮ)
- EPROM (ਇਰੇਜ਼ੇਬਲ ਐਂਡ ਪ੍ਰੋਗਰਾਮੇਬਲ ਰੋਮ)
- EEPROM (ਇਲੈਕਟ੍ਰੀਕਲੀ ਇਰੇਜ਼ੇਬਲ ਐਂਡ ਪ੍ਰੋਗਰਾਮੇਬਲ ਰੋਮ)




**ਪ੍ਰ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰ:1 ਰੈਮ (RAM) ਅਤੇ ਰੋਮ (ROM) ਦਾ ਵਰਨਣ ਕਰੋ।**

ਉ: RAM ਅਤੇ ROM ਪ੍ਰਾਈਮਰੀ ਦੀਆਂ ਕਿਸਮਾਂ ਹਨ। ਇਹਨਾਂ ਦਾ ਵਰਨਣ ਇਸ ਪ੍ਰਕਾਰ ਹੈ:



- **RAM:** RAM ਦਾ ਪੂਰਾ ਨਾਂ ਰੈਂਡਮ ਅਕਸੈਸ ਮੈਮਰੀ ਹੈ। ਇਹ ਵੋਲੇਟਾਈਲ ਮੈਮਰੀ ਹੁੰਦੀ ਹੈ, ਭਾਵ ਇਸ ਮੈਮਰੀ ਦਾ ਡਾਟਾ ਕੰਪਿਊਟਰ ਦੇ ਬੰਦ ਹੋਣ ਨਾਲ ਨਸ਼ਟ ਹੋ ਜਾਂਦਾ ਹੈ। ਇਹ ਉਹਨਾਂ ਪ੍ਰੋਗਰਾਮਾਂ ਅਤੇ ਡਾਟਾ ਨੂੰ ਸਟੋਰ ਕਰਦੀ ਹੈ ਜੋ ਕੰਪਿਊਟਰ ਸਿਸਟਮ ਸਾਡੇ ਕੰਮ ਕਰਨ ਦੋਰਾਨ ਵਰਤ ਰਿਹਾ ਹੁੰਦਾ ਹੈ। ਇਸ ਮੈਮਰੀ ਵਿੱਚਲੇ ਡਾਟਾ ਨੂੰ ਪੜ੍ਹ ਵੀ ਸਕਦੇ ਹਾਂ ਅਤੇ ਇਸ ਮੈਮਰੀ ਵਿੱਚ ਲਿਖ ਵੀ ਸਕਦੇ ਹਾਂ।
- **ROM:** ROM ਦਾ ਪੂਰਾ ਨਾਂ ਰੀਡ ਓਨਲੀ ਮੈਮਰੀ ਹੈ। ਇਹ ਨਾਨ-ਵੋਲੇਟਾਈਲ ਮੈਮਰੀ ਹੁੰਦੀ ਹੈ, ਭਾਵ ਇਸ ਮੈਮਰੀ ਦਾ ਡਾਟਾ ਕੰਪਿਊਟਰ ਦੇ ਬੰਦ ਹੋਣ ਨਾਲ ਨਸ਼ਟ ਨਹੀਂ ਹੁੰਦਾ। ਇਸ ਵਿਚ ਉਹਨਾਂ ਹਦਾਇਤਾਂ ਨੂੰ ਸਟੋਰ ਕੀਤਾ ਗਿਆ ਹੁੰਦਾ ਹੈ ਜੋ ਕੰਪਿਊਟਰ ਨੂੰ ਸਟਾਰਟ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇਸ ਮੈਮਰੀ ਵਿਚਲੇ ਡਾਟਾ ਨੂੰ ਕੇਵਲ ਪੜ੍ਹਿਆ ਜਾ ਸਕਦਾ ਹੈ, ਪਰ ਇਸ ਵਿਚ ਲਿਖਿਆ ਨਹੀਂ ਜਾ ਸਕਦਾ।



**ਪ੍ਰ:2 ਬਾਹਰੀ ਮੈਮਰੀ (External Memory) ਦੀ ਵਿਆਖਿਆ ਕਰੋ।**



ਉ: ਬਾਹਰੀ ਮੈਮਰੀ ਨੂੰ ਸੈਕੰਡਰੀ ਜਾਂ ਐਗਜੁਅਲਰੀ (auxiliary) ਜਾਂ ਸਥਾਈ ਮੈਮਰੀ ਵੀ ਕਿਹਾ ਜਾਂਦਾ ਹੈ। ਇਹ ਮੈਮਰੀ ਮੁੱਖ ਮੈਮਰੀ ਤੋਂ ਰਫਤਾਰ ਵਿੱਚ ਹੋਲੀ ਹੁੰਦੀ ਹੈ। ਇਹਨਾਂ ਦੀ ਵਰਤੋਂ ਡਾਟਾ ਅਤੇ ਸੂਚਨਾ ਨੂੰ ਪੱਕੇ ਤੌਰ ਤੇ ਸਟੋਰ ਕਰਕੇ ਰੱਖਣ ਲਈ ਕੀਤੀ ਜਾਂਦੀ ਹੈ। ਇਹਨਾਂ ਮੈਮਰੀਆਂ ਨੂੰ CPU ਸਿੱਧੇ ਹੀ ਇਸਤੇਮਾਲ ਨਹੀਂ ਕਰ ਸਕਦਾ। ਸੈਕੰਡਰੀ ਮੈਮਰੀ ਵਿੱਚਲਾ ਡਾਟਾ ਪਹਿਲਾਂ ਮੁੱਖ ਮੈਮਰੀ ਵਿੱਚ ਭੇਜਿਆ ਜਾਂਦਾ ਹੈ, ਫਿਰ CPU ਇਸ ਡਾਟਾ ਦੀ ਵਰਤੋਂ ਕਰ ਸਕਦਾ ਹੈ। ਉਦਾਹਰਣ ਲਈ ਹਾਰਡ ਡਿਸਕ, CD-ROM, DVD ਆਦਿ।

**ਪ੍ਰ:3 ਸੈਕੰਡਰੀ ਮੈਮਰੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।**


ਉ: ਸੈਕੰਡਰੀ ਮੈਮਰੀ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

- ਇਹ ਮੈਗਨੇਟਿਕ ਜਾਂ ਆਪਟੀਕਲ ਕਿਸਮ ਦੀ ਮੈਮਰੀ ਹੁੰਦੀ ਹੈ।
- ਇਸ ਮੈਮਰੀ ਵਿੱਚ ਡਾਟਾ ਬਿਜਲੀ ਬੰਦ ਹੋਣ ਤੇ ਵੀ ਪੱਕੇ ਤੌਰ ਤੇ ਸਟੋਰ ਰਹਿੰਦਾ ਹੈ।
- ਇਹਨਾਂ ਵਿੱਚ ਡਾਟਾ ਸੁਰੱਖਿਅਤ ਰਹਿੰਦਾ ਹੈ।
- ਇਸ ਮੈਮਰੀ ਦੀ ਡਾਟਾ ਸਟੋਰਜ਼ ਸਮਰੱਥਾ ਕਾਫੀ ਜਿਆਦਾ ਹੁੰਦੀ ਹੈ।
- ਪ੍ਰਾਇਮਰੀ ਮੈਮਰੀ ਦੇ ਮੁਕਾਬਲੇ ਇਸ ਮੈਮਰੀ ਵਿਚ ਡਾਟਾ ਸਟੋਰ ਕਰਨਾ ਕਾਫੀ ਸਸਤਾ ਪੈਂਦਾ ਹੈ।
- ਕੰਪਿਊਟਰ ਸੈਕੰਡਰੀ ਮੈਮਰੀ ਤੋਂ ਬਿਨਾਂ ਸਟਾਰਟ ਹੋ ਸਕਦਾ ਹੈ।
- ਇਸ ਦੀ ਰਫਤਾਰ ਪ੍ਰਾਇਮਰੀ ਮੈਮਰੀ ਨਾਲੋਂ ਹੋਲੀ ਹੁੰਦੀ ਹੈ।



(Please Visit http://cspunjab.nirmancampus.co.in for more computer science contents)

**ਪ੍ਰ:4 ਟਰੈਕਸ (Tracks) ਅਤੇ ਸੈਕਟਰਜ਼ (Sectors) ਕੀ ਹੁੰਦੇ ਹਨ?**




ਉ: ਟਰੈਕਸ ਅਤੇ ਸੈਕਟਰ ਮੈਗਨੇਟਿਕ ਡਿਸਕ ਦੀ ਭੌਤਿਕ ਬਣਤਰ ਦਾ ਹਿੱਸਾ ਹੁੰਦੇ ਹਨ। ਕਿਸੇ ਵੀ ਡਿਸਕ ਦਾ ਤਲ ਪਾਰਦਰਸ਼ੀ ਸਾਂਝੇ ਕੇਂਦਰ ਬਿੰਦੂ ਵਾਲੇ ਚੱਕਰਾਂ ਵਿਚ ਵੰਡਿਆ ਹੁੰਦਾ ਹੈ। ਇਹਨਾਂ ਚੱਕਰਾਂ ਨੂੰ ਟਰੈਕਸ ਕਿਹਾ ਜਾਂਦਾ ਹੈ। ਇਹਨਾਂ ਟਰੈਕਸ ਨੂੰ ਜ਼ੀਰੋ ਤੋਂ ਸ਼ੁਰੂ ਕਰਕੇ ਨੰਬਰ ਦਿੱਤੇ ਜਾਂਦੇ ਹਨ। ਇਹਨਾਂ ਟਰੈਕਸ ਦੀ ਗਿਣਤੀ ਵੱਖ-ਵੱਖ ਪ੍ਰਕਾਰ ਦੀਆਂ ਡਿਸਕਾਂ ਵਿਚ ਵੱਧ-ਘੱਟ ਹੋ ਸਕਦੀ ਹੈ

ਡਿਸਕ ਵਿਚ ਟਰੈਕਸ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ, ਜਿਹਨਾਂ ਨੂੰ ਸੈਕਟਰ ਕਿਹਾ ਜਾਂਦਾ ਹੈ। ਹਰ ਇਕ ਟਰੈਕ ਵਿਚ 8 ਜਾਂ ਉਸ ਤੋਂ ਵੱਧ ਸੈਕਟਰ ਹੋ ਸਕਦੇ ਹਨ। ਹਰੇਕ ਸੈਕਟਰ ਵਿਚ 512 ਬਾਈਟ ਸਟੋਰ ਕਰਨ ਦੀ ਸਮਰੱਥਾ ਹੁੰਦੀ ਹੈ।

**ਪ੍ਰ:5 ਕੈਸ਼ੇ ਮੈਮਰੀ (Cache Memory) ਕੀ ਹੈ? ਇਸਦੇ ਲਾਭ ਅਤੇ ਹਾਨੀਆਂ ਲਿਖੋ।**

ਉ: ਕੈਸ਼ੇ ਮੈਮਰੀ ਬਹੁਤ ਤੇਜ਼ ਰਫਤਾਰ ਸੈਮੀ-ਕੰਡਕਟਰ ਮੈਮਰੀ ਹੁੰਦੀ ਹੈ। ਇਹ ਮੈਮਰੀ CPU ਦੇ ਕੰਮ ਕਰਨ ਦੀ ਰਫਤਰ ਨੂੰ ਤੇਜ਼ ਕਰ ਦਿੰਦੀ ਹੈ। ਇਹ CPU ਅਤੇ ਮੁੱਖ ਮੈਮਰੀ ਦੇ ਵਿੱਚਕਾਰ ਇੱਕ ਬਫਰ ਦੀ ਤਰ੍ਹਾਂ ਕੰਮ ਕਰਦੀ ਹੈ। ਇਹ CPU ਵਲੋਂ ਜਿਆਦਾਤਰ ਵਰਤੇ ਜਾਣ ਵਾਲੇ ਡਾਟਾ ਅਤੇ ਹਦਾਇਤਾਂ ਨੂੰ ਸਟੋਰ ਕਰਕੇ ਰੱਖਦੀ ਹੈ।

**ਕੈਸ਼ੇ ਮੈਮਰੀ ਦੇ ਲਾਭ:**
- ਕੈਸ਼ੇ ਮੈਮਰੀ ਮੁੱਖ ਮੈਮਰੀ ਨਾਲੋਂ ਤੇਜ਼ ਹੁੰਦੀ ਹੈ।
- ਕੈਸ਼ੇ ਮੈਮਰੀ ਦਾ ਐਕਸੈਸ ਟਾਈਮ (access time) ਮੁੱਖ ਮੈਮਰੀ ਦੇ ਮੁਕਾਬਲੇ ਘੱਟ ਹੁੰਦਾ ਹੈ।
- ਇਸ ਵਿੱਚ ਉਹ ਪ੍ਰੋਗਰਾਮ ਸਟੋਰ ਹੁੰਦੇ ਹਨ ਜੋ ਥੋੜੇ ਸਮੇਂ ਦੇ ਅੰਦਰ ਅੰਦਰ ਚਲਾਏ ਜਾ ਸਕਦੇ ਹਨ।

**ਕੈਸ਼ੇ ਮੈਮਰੀ ਦੀਆਂ ਹਾਨੀਆਂ:**
- ਕੈਸ਼ੇ ਮੈਮਰੀ ਦੀ ਸਟੋਰੇਜ਼ ਸਮਰੱਥਾ ਬਹੁਤ ਘੱਟ ਹੁੰਦੀ ਹੈ।
- ਇਹ ਬਹੁਤ ਮਹਿੰਗੀ ਹੁੰਦੀ ਹੈ।

